Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 29-06-2024 ● Vol.42 No.26 ● Ph. : 0175-2214575, 90410-14575 ● Page : 16 | E-mail : khetiduniyan1983@gmail.com

ਅੰਦਰ ਪੜ੍ਹੋ



ਜੁਲਾਈ ਮਹੀਨੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਪੂਰੀ ਕਰੋ



ਝੋਨੇ ਦੀ ਕਾਸ਼ਤ ਵਿੱਚ ਪੈਸੇ ਅਤੇ ਪਾਣੀ ਦੀ ਬੱਚਤ



ਦਰੱਖਤਾਂ ਨੂੰ ਪਿਆਰ ਕਰਦੈ ਬੁਰਜ ਥਰੋੜ ਦਾ ਕਿਸਾਨ ਜਗਦੇਵ ਸਿੰਘ ਜੱਗਾ

# ਚਿੱਟੇ ਸੋਨੇ ਦੀ ਕਪਾਹ ਦੀ ਚਮਕ ਘਟੀ, ਕਿਸਾਨਾਂ ਨੇ ਮੂੰਗੀ, ਬਾਸਮਤੀ ਦੀਆਂ ਕਿਸਮਾਂ ਦੀ ਕੀਤੀ ਚੋਣ

## ਕਿਉਂਕਿ ਕਿਸਾਨ ਪਿਛਲੇ ਸਾਲ ਚੰਗੀ ਕੀਮਤ ਪ੍ਰਾਪਤ ਕਰਨ ਵਿੱਚ ਰਹੇ ਅਸਫ਼ਲ

**ਕਪਾਹ, ਜਿਸ ਨੂੰ 'ਚਿੱਟਾ ਸੋਨਾ' ਵੀ ਕਿਹਾ ਜਾਂਦਾ ਹੈ, ਨੇ ਆਪਣੀ ਚਮਕ ਗੁਆ ਦਿੱਤੀ ਹੈ, ਕਿਉਂਕਿ ਕਿਸਾਨ ਪਿਛਲੇ ਸਾਲ ਚੰਗੀ ਕੀਮਤ ਪ੍ਰਾਪਤ ਕਰਨ ਵਿੱਚ ਅਸਫਲ ਹੇ ਸਨ । 2023 ਵਿੱਚ ਕਪਾਹ ਹੇਠ 2.14 ਲੱਖ ਹੈਕਟੇਅਰ ਦੇ ਮੁਕਾਬਲੇ ਰਕਬਾ ਘੱਟ ਕੇ ਸਿਰਫ 99,601.5 ਹੈਕਟੇਅਰ ਰਹਿ ਗਿਆ ਹੈ ।**



ਖੇਤੀਬਾੜੀ ਵਿਭਾਗ ਅਨੁਸਾਰ ਪਿਛਲੇ ਸਾਲ ਕਪਾਹ ਦੇ ਕਿਸਾਨਾਂ ਨੇ 15,000 ਤੋਂ 20,000 ਰੁਪਏ ਪ੍ਰਤੀ ਏਕੜ ਮੁਨਾਫਾ ਕਮਾਇਆ ਸੀ, ਜਦੋਂਕਿ ਗੈਰ-ਬਾਸਮਤੀ ਅਤੇ ਬਾਸਮਤੀ ਦੀ ਫ਼ਸਲ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੇ 40,000 ਤੋਂ 45,000 ਰੁਪਏ ਪ੍ਰਤੀ ਏਕੜ ਦਾ ਮੁਨਾਫਾ ਕਮਾਇਆ ਸੀ ।

ਆਦਰਸ਼ਕ ਤੌਰ 'ਤੇ ਕਪਾਹ ਦੀ ਫ਼ਸਲ ਹੇਠ ਰਕਬਾ ਡਿੱਗਣ ਨਾਲ ਸੱਤਾ ਦੇ ਗਲਿਆਰਿਆਂ ਵਿੱਚ ਖਤਰੇ ਦੀ ਘੰਟੀ ਵੱਜਣੀ ਚਾਹੀਦੀ ਸੀ, ਖਾਸ ਤੌਰ 'ਤੇ ਜਦੋਂ ਫ਼ਸਲੀ ਵੰਨ-ਸੁਵੰਨਤਾ ਅਤੇ ਖੇਤੀਬਾੜੀ ਨੂੰ ਟਿਕਾਊ ਬਣਾਉਣ 'ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ । ਹਾਲਾਂਕਿ ਕਿਸਾਨਾਂ ਨੇ ਪਾਣੀ ਦੀ ਘਾਟ ਵਾਲੇ ਗੈਰ-ਬਾਸਮਤੀ ਝੋਨੇ ਨੂੰ ਪੂਰੀ ਤਰ੍ਹਾਂ ਨਹੀਂ ਚੁਣਿਆ ਹੈ । ਖਾਸ ਕਰਕੇ ਦੱਖਣੀ ਮਾਲਵੇ ਦੇ ਕਿਸਾਨ ਨਰਮੇ ਦੀ ਕਾਸ਼ਤ ਕਰਨ ਦੀ ਬਜਾਏ ਗਰਮੀਆਂ ਦੀ ਮੂੰਗੀ ਦੀ ਬਿਜਾਈ ਕਰਨ ਲੱਗ ਪਏ ਹਨ । ਇੱਕ ਅਧਿਕਾਰੀ ਨੇ ਕਿਹਾ ਕਿ ਕਿਸਾਨਾਂ ਨੇ ਕੁਝ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਸੰਬੰਧੀ ਖਦਸ਼ਾ ਪ੍ਰਗਟਾਇਆ, ਜਿਨ੍ਹਾਂ ਨੂੰ ਸਰਕਾਰ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਗਈ ਸੀ । ਕਿਸਾਨ ਇਨ੍ਹਾਂ ਕਿਸਮਾਂ ਦੇ ਵੱਧ ਝਾੜ ਵੱਲੋਂ ਲਾਲਚ ਵਿੱਚ ਆ ਜਾਂਦੇ ਹਨ । ਭਾਵੇਂ ਸਾਡੇ ਫੀਲਡ ਅਫਸਰ ਉਨ੍ਹਾਂ ਨੂੰ ਗੈਰ-ਪ੍ਰਵਾਨਿਤ ਕਿਸਮਾਂ ਨਾ ਉਗਾਉਣ ਲਈ ਕਹਿ ਰਹੇ ਹਨ, ਉਹ ਸਿਰਫ ਵੱਧ ਤੋਂ ਵੱਧ ਝਾੜ ਲੈਣਾ ਚਾਹੁੰਦੇ ਹਨ । ਰੱਬ ਨਾ ਕਰੇ, ਜੇਕਰ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਉਨ੍ਹਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਨਹੀਂ ਕੀਤੀ ਜਾਵੇਗੀ । ਇਸ ਸਾਲ ਰਾਜ ਸਰਕਾਰ ਨੇ 30.57 ਲੱਖ ਹੈਕਟੇਅਰ ਰਕਬਾ ਝੋਨੇ ਦੀ ਕਾਸ਼ਤ ਹੇਠ ਲਿਆਉਣ ਦਾ ਟੀਚਾ ਰੱਖਿਆ ਹੈ, ਜਿਸ ਵਿੱਚ 10 ਲੱਖ ਹੈਕਟੇਅਰ ਬਾਸਮਤੀ ਕਿਸਮਾਂ ਅਤੇ 20.57 ਲੱਖ ਹੈਕਟੇਅਰ ਗੈਰ-ਬਾਸਮਤੀ ਕਿਸਮਾਂ ਅਧੀਨ ਸ਼ਾਮਿਲ ਹਨ ।

ਪਿਛਲੇ ਸਾਲ ਝੋਨੇ (ਬਾਸਮਤੀ ਅਤੇ ਗੈਰ-ਬਾਸਮਤੀ) ਹੇਠ ਕੁੱਲ ਰਕਬਾ 31.87 ਲੱਖ ਹੈਕਟੇਅਰ ਸੀ । ਕਪਾਹ ਹੇਠਲਾ ਰਕਬਾ 2.14 ਲੱਖ ਹੈਕਟੇਅਰ ਤੋਂ ਘੱਟ ਕੇ 99,601 ਹੈਕਟੇਅਰ ਰਹਿ ਗਿਆ ਹੈ । ਕਿਸਾਨਾਂ ਨੂੰ ਪਿਛਲੇ ਸਾਲਾਂ ਵਿੱਚ 10,000-12,000 ਰੁਪਏ ਦੇ ਮੁਕਾਬਲੇ 8,000 ਰੁਪਏ ਪ੍ਰਤੀ ਕੁਇੰਟਲ ਮਿਲਿਆ । ਲਗਭਗ 25 ਫੀਸਦੀ ਕਪਾਹ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਵਿਕਦੀ ਹੈ । ਗੁਲਾਬੀ ਕੀੜੇ ਨਾਲ ਫ਼ਸਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ । ਖੇਤੀਬਾੜੀ ਵਿਭਾਗ ਵੱਲੋਂ ਉਪਲੱਬਧ ਕਰਵਾਏ ਗਏ ਅੰਕੜਿਆਂ ਅਨੁਸਾਰ ਫਾਜ਼ਿਲਕਾ, ਬਠਿੰਡਾ, ਮਾਨਸਾ, ਮੁਕਤਸਰ, ਸੰਗਰੂਰ, ਬਰਨਾਲਾ, ਫਰੀਦਕੋਟ ਅਤੇ ਮੋਗਾ ਦੀ ਕਪਾਹ ਪੱਟੀ ਅਧੀਨ ਕੁੱਲ 45,000 ਹੈਕਟੇਅਰ ਰਕਬਾ ਮੂੰਗੀ ਦੀ ਕਾਸ਼ਤ ਅਧੀਨ ਆਇਆ ਹੈ ।

### ਮੂੰਗੀ ਦੀ ਕਟਾਈ ਹੋਣ ਤੋਂ ਬਾਅਦ, ਕਿਸਾਨ ਬਾਸਮਤੀ ਦੀਆਂ ਕਿਸਮਾਂ ਦੀ ਬਿਜਾਈ ਕਰਨਗੇ - ਡਾਇਰੈਕਟਰ ਖੇਤੀਬਾੜੀ ਵਿਭਾਗ

ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕਿਹਾ ਕਿ, "ਇੱਕ ਵਾਰ ਅਗਲੇ ਮਹੀਨੇ ਮੂੰਗੀ ਦੀ ਕਟਾਈ ਹੋਣ ਤੋਂ ਬਾਅਦ, ਕਿਸਾਨ ਬਾਸਮਤੀ ਦੀਆਂ ਕਿਸਮਾਂ ਦੀ ਬਿਜਾਈ ਕਰਨਗੇ, ਜੋ ਕਿ ਬਹੁਤ ਘੱਟ ਪਾਣੀ ਦੀ ਖਪਤ ਕਰਦੀਆਂ ਹਨ ।" ਨਤੀਜੇ ਵਜੋਂ ਰਾਜ ਸਰਕਾਰ ਨੂੰ 2023 ਵਿੱਚ 5.96 ਲੱਖ ਹੈਕਟੇਅਰ ਦੇ ਮੁਕਾਬਲੇ ਬਾਸਮਤੀ ਕਿਸਮਾਂ ਦੇ ਰਕਬੇ ਵਿੱਚ 40 ਫੀਸਦੀ ਵਧੇ ਦੀ ਉਮੀਦ ਹੈ । ਇਸ ਸਾਲ ਬਾਸਮਤੀ ਦੀ ਕਾਸ਼ਤ ਦਾ ਟੀਚਾ 10 ਲੱਖ ਹੈਕਟੇਅਰ ਰੱਖਿਆ ਗਿਆ ਹੈ । ਦੱਖਣੀ ਮਾਲਵੇ ਅਤੇ ਇੱਥੋਂ ਤੱਕ ਕਿ ਮਾਝੇ ਵਿੱਚ ਵੀ ਵੱਡੀ ਗਿਣਤੀ ਵਿੱਚ ਕਿਸਾਨ ਗੈਰ-ਬਾਸਮਤੀ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ - ਸਾਵਾ-7501, 27 ਪੀ-51, 27 ਪੀ-22 ਅਤੇ 28 ਪੀ-67 ਦੀ ਚੋਣ ਕਰ ਰਹੇ ਹਨ । ਮਾਝੇ ਵਿੱਚ ਤਾਇਨਾਤ ਇੱਕ ਖੇਤੀਬਾੜੀ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਬੇਨਤੀ ਕਰਦਿਆਂ ਦੱਸਿਆ ਕਿ ਇਹ ਹਾਈਬ੍ਰਿਡ ਕਿਸਮਾਂ ਗਰਮ ਕੇਕ ਵਾਂਗ ਵਿਕਦੀਆਂ ਹਨ । 1,700 ਰੁਪਏ (3 ਕਿਲੋ ਦੇ ਬੈਗ) ਦੀ ਬਜਾਏ, ਹਾਈਬ੍ਰਿਡ ਕਿਸਮਾਂ 3000 ਰੁਪਏ ਤੋਂ ਲੈ ਕੇ 3,200 ਰੁਪਏ ਪ੍ਰਤੀ ਪੈਕੇਟ ਤੱਕ ਵਿਕ ਰਹੀਆਂ ਹਨ । ਉਸ ਨੇ ਕਿਹਾ ਕਿ ਇਹ ਕਿਸਮਾਂ 30 ਤੋਂ 32 ਕੁਇੰਟਲ ਤੱਕ ਝਾੜ ਦਿੰਦੀਆਂ ਹਨ ।

BEW

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



● ਲੋਨ ਉਪਲੱਬਧ
● ਸਬਸਿਡੀ ਉਪਲੱਬਧ
● ਬੁਕਿੰਗ ਸ਼ੁਰੂ
● ਪਾਊਡਰ ਕੋਟਿੰਗ ਪੇਂਟ
● ਪੇਟੈਂਟ ਡਿਜ਼ਾਇਨ

TOLL FREE NUMBER 1800-120-004455

- KS AGROTECH PVT. LTD.
- BHAGWAN ENGINNERING WORKS
- KS POWERTECH PVT. LTD.
- KS AGRICULTURAL INDUSTRIES PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

**ਮਿੱਟੀ ਪਰਖ ਅਨੁਸਾਰ ਖਾਦਾਂ ਦੀ ਵਰਤੋਂ ਕਰਨ ਨਾਲ ਅਸੀਂ ਖਾਦਾਂ 'ਤੇ ਹੋਣ ਵਾਲੇ ਬੇਲੋੜੇ ਖਰਚਿਆਂ ਤੋਂ ਬਚ ਸਕਦੇ ਹਾਂ ਤੇ ਜ਼ਮੀਨ ਦੀ ਸਿਹਤ ਵਿਚ ਪੈਦਾ ਹੋ ਰਹੇ ਵਿਗਾੜਾਂ ਨੂੰ ਵੀ ਰੋਕ ਸਕਦੇ ਹਾਂ। ਮਿੱਟੀ ਪਰਖ ਇਸ ਗੱਲ ਦਾ ਸੂਚਕ ਹੈ ਕਿ ਕੋਈ ਖਾਸ ਤੱਤ ਕਿਸੇ ਫਸਲ ਨੂੰ ਪਾਉਣਾ ਫਾਇਦੇਮੰਦ ਹੈ ਜਾਂ ਨਹੀਂ। ਜਿਵੇਂ ਕਿ ਫਸਲਾਂ ਵਿਚ ਫਾਸਫੋਰਸ ਤੱਤ ਨੂੰ ਮੰਨਣ ਦੀ ਭਿੰਨਤਾ ਹੈ। ਹਾੜ੍ਹੀ ਦੀ ਫਸਲ ਨੂੰ ਪਾਈ ਗਈ ਫਾਸਫੋਰਸ, ਸਾਉਣੀ ਦੀ ਫਸਲ ਤੋਂ ਜ਼ਿਆਦਾ ਲਾਭਦਾਇਕ ਹੁੰਦੀ ਹੈ।**



# ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਪਰਖ ਜ਼ਰੂਰੀ

**ਗਾਇਤ੍ਰੀ ਵਰਮਾ ਤੇ ਭਵਿਯਾਸ਼ੀ ਆਰ ਕੇ, ਖੇਤਰੀ ਖੋਜ ਕੇਂਦਰ, ਪੀ. ਏ. ਯੂ., ਗੁਰਦਾਸਪੁਰ**

ਸਫਲ ਖੇਤੀ ਉਤਪਾਦਨ ਵਿਚ ਖਾਦਾਂ ਦੀ ਸੰਤੁਲਿਤ ਵਰਤੋਂ ਲਈ ਮਿੱਟੀ ਪਰਖ ਜ਼ਰੂਰੀ ਹੈ। ਅਜੋਕੀ ਘਣੀ ਖੇਤੀ ਦੇ ਯੁੱਗ ਵਿਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਆਉਣ ਨਾਲ ਲੋੜ ਤੋਂ ਵੱਧ ਖਾਦਾਂ ਦੀ ਵਰਤੋਂ ਕਰਨ ਨਾਲ ਵਾਹੀਯੋਗ ਭੂਮੀ ਦੀ ਅੰਦਰੂਨੀ ਸਿਹਤ ਖਰਾਬ ਹੋ ਰਹੀ ਹੈ। ਜਿਸ ਦੇ ਨਾਲ ਜ਼ਮੀਨ ਵਿਚ ਤੱਤਾਂ ਦਾ ਆਪਸੀ ਸੰਤੁਲਣ ਵਿਗੜ ਰਿਹਾ ਹੈ। ਮਿੱਟੀ ਪਰਖ ਤੋਂ ਸਾਨੂੰ ਜ਼ਮੀਨ ਦੀ ਉਪਜਾਊ ਸ਼ਕਤੀ, ਉਸ ਦੇ ਖਾਰੀ ਅੰਗ, ਜੀਵਕ ਕਾਰਬਨ ਅਤੇ ਜ਼ਰੂਰੀ ਖੁਰਾਕੀ ਤੱਤਾਂ ਦੀ ਉਪਲੱਬਧਤਾ ਦਾ ਪਤਾ ਲੱਗ ਜਾਂਦਾ ਹੈ ਤੇ ਜਿਸ ਅਨੁਸਾਰ ਖਾਦਾਂ ਦੀ ਮਾਤਰਾ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਮਿੱਟੀ ਪਰਖ ਅਨੁਸਾਰ ਖਾਦਾਂ ਦੀ ਵਰਤੋਂ ਕਰਨ ਨਾਲ ਅਸੀਂ ਖਾਦਾਂ 'ਤੇ ਹੋਣ ਵਾਲੇ ਬੇਲੋੜੇ ਖਰਚਿਆਂ ਤੋਂ ਬਚ ਸਕਦੇ ਹਾਂ ਤੇ ਜ਼ਮੀਨ ਦੀ ਸਿਹਤ ਵਿਚ ਪੈਦਾ ਹੋ ਰਹੇ ਵਿਗਾੜਾਂ ਨੂੰ ਵੀ ਰੋਕ ਸਕਦੇ ਹਾਂ। ਮਿੱਟੀ ਪਰਖ ਇਸ ਗੱਲ ਦਾ ਸੂਚਕ ਹੈ ਕਿ ਕੋਈ ਖਾਸ ਤੱਤ ਕਿਸੇ ਫਸਲ ਨੂੰ ਪਾਉਣਾ ਫਾਇਦੇਮੰਦ ਹੈ ਜਾਂ ਨਹੀਂ। ਜਿਵੇਂ ਕਿ ਫਸਲਾਂ ਵਿਚ ਫਾਸਫੋਰਸ ਤੱਤ ਨੂੰ ਮੰਨਣ ਦੀ ਭਿੰਨਤਾ ਹੈ। ਹਾੜ੍ਹੀ ਦੀ ਫਸਲ ਨੂੰ ਪਾਈ ਗਈ ਫਾਸਫੋਰਸ, ਸਾਉਣੀ ਦੀ ਫਸਲ ਤੋਂ ਜ਼ਿਆਦਾ ਲਾਭਦਾਇਕ ਹੁੰਦੀ ਹੈ। ਫਾਸਫੋਰਸ ਤੱਤ ਵਾਲੀਆਂ ਖਾਦਾਂ ਜਿਵੇਂ ਕਿ ਡੀ ਏ ਪੀ ਦੀ ਲਗਾਤਾਰ ਵਰਤੋਂ ਨਾਲ ਫਾਸਫੋਰਸ ਤੱਤ ਜ਼ਮੀਨ ਵਿਚ ਵਿਚ ਵੱਧ ਰਿਹਾ ਹੈ। ਜੇ ਸਾਉਣੀ ਦੀਆਂ ਫਸਲਾਂ ਜਿਵੇਂ ਝੋਨਾ, ਮੱਕੀ ਅਤੇ ਨਰਮੇ ਵਾਲੇ ਖੇਤ ਵਿਚ ਪਹਿਲਾਂ ਬੀਜੀ ਗਈ ਕਣਕ ਨੂੰ ਸਿਫਾਰਸ਼ ਅਨੁਸਾਰ ਫਾਸਫੋਰਸ ਵਾਲੀ ਖਾਦ ਪਾਈ ਹੋਵੇ ਤਾਂ ਇਨ੍ਹਾਂ ਫਸਲਾਂ ਨੂੰ ਫਾਸਫੋਰਸ ਖਾਦ ਨਹੀਂ ਪਾਉਣੀ ਚਾਹੀਦੀ। ਆਮ ਤੌਰ 'ਤੇ ਕਿਸਾਨ ਵੀਰ ਪੋਟਾਸ਼ ਖਾਦ ਦੀ ਵਰਤੋਂ ਨਹੀਂ ਕਰਦੇ, ਜਿਸ ਕਰਕੇ ਫਸਲ ਤੋਂ ਪੂਰਾ ਝਾੜ ਨਹੀਂ ਮਿਲਦਾ। ਜੇ ਮਿੱਟੀ ਵਿਚ ਪੋਟਾਸ਼ ਤੱਤ 55 ਕਿਲੋ ਪ੍ਰਤੀ ਏਕੜ ਤੋਂ ਘੱਟ ਹੋਵੇ ਤਾਂ ਜ਼ਮੀਨ ਵਿਚ ਇਸ ਤੱਤ ਦੀ ਘਾਟ ਹੁੰਦੀ ਹੈ ਅਤੇ ਇਸ ਤੱਤ ਨੂੰ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਮਿੱਟੀ ਦੀ ਪਰਖ ਕਰਵਾ ਲਈ ਜਾਵੇ ਤਾਂ ਜੋ ਫਸਲਾਂ ਦਾ ਪੂਰਾ ਝਾੜ ਲਿਆ ਜਾ ਸਕੇ।

### ਬਾਗ ਲਈ ਮਿੱਟੀ ਦਾ ਨਮੂਨਾ

ਬਾਗ ਲਗਾਉਣ ਵਾਸਤੇ ਮਿੱਟੀ ਦੀ ਪਰਖ ਕਰਵਾਉਣੀ ਬਹੁਤ ਜ਼ਰੂਰੀ ਹੈ ਕਿਉਂਕਿ ਫਲਦਾਰ ਬੂਟੇ ਇੱਕ ਇਹੋ ਜਿਹੀ ਫਸਲ ਹੈ, ਜਿਸ ਵਿਚ ਸ਼ੁਰੂ ਦਾ ਖਰਚਾ ਕਾਫੀ ਜ਼ਿਆਦਾ ਹੁੰਦਾ ਹੈ ਤੇ ਫਲਦਾਰ ਬੂਟੇ ਲੰਮਾ ਸਮਾਂ ਚੱਲਦੇ ਹਨ। ਜ਼ਮੀਨ ਦੀ ਉਪਰਲੀ ਤਹਿ ਦੇ ਗੁਣਾਂ ਦਾ ਗਿਆਨ ਹੋਣਾ ਬਹੁਤ ਲਾਹੇਵੰਦ ਹੈ ਪਰ ਸਿਰਫ ਇਹ ਗਿਆਨ ਹੀ ਫਲਦਾਰ ਬੂਟਿਆਂ ਲਈ ਕਾਫੀ ਨਹੀਂ ਹੁੰਦਾ ਕਿਉਂਕਿ ਕਈ ਵਾਰ ਜ਼ਮੀਨ ਦੀਆਂ ਹੇਠਲੀਆਂ ਤਹਿਆਂ 'ਚ ਸਖਤ ਤਹਿ ਆ ਜਾਵੇ ਤਾਂ ਫਲਦਾਰ ਬੂਟਿਆਂ ਦੀਆਂ ਜੜ੍ਹਾਂ (ਜੋ ਡੂੰਘੀਆਂ ਜਾਂਦੀਆਂ) ਦਾ ਵਾਧਾ ਤੇ ਵਿਕਾਸ ਰੁੱਕ ਜਾਂਦਾ ਹੈ। (ੳ) ਖੇਤ ਦੇ ਵਿਚਕਾਰ ਇਕ 6 ਫੁਟ ਡੂੰਘਾ ਟੋਇਆ ਪੁੱਟੋ ਜਿਸਦਾ ਇਕ ਪਾਸਾ ਸਿੱਧਾ ਅਤੇ ਦੂਜਾ ਪਾਸਾ ਤਿਰਛਾ ਹੋਵੇ (ਅ) ਇਸ ਟੋਏ ਦੇ ਸਿੱਧੇ ਪਸੇ ਉਪਰੋਂ ਸ਼ੁਰੂ ਹੋ ਕੇ ਹੇਠਾਂ ਤੱਕ 6 ਇੰਚ, 1 ਫੁੱਟ, 2 ਫੁੱਟ, 3 ਫੁੱਟ, 4 ਫੁੱਟ, 5 ਫੁੱਟ ਅਤੇ 6 ਫੁੱਟ ਦੀ ਡੂੰਘਾਈ ਤੇ ਨਿਸ਼ਾਨ ਲਾਓ। ਇਸ ਤਰ੍ਹਾਂ ਸੱਤ ਤਹਿਆਂ ਬਣ ਜਾਣਗੀਆਂ। (ੲ) ਹਰ ਇਕ ਡੂੰਘਾਈ ਤੋਂ ਖੁਰਪੇ ਨਾਲ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਇਕਸਾਰ ਉਤਾਰੋ, ਜਿਸ ਦਾ ਭਾਰ ਲਗਭਗ 500 ਗ੍ਰਾਮ ਹੋਵੇ (ਸ) ਹਰ ਇਕ ਡੂੰਘਾਈ ਤੋਂ ਲਈ ਗਈ ਮਿੱਟੀ ਨੂੰ ਵੱਖ-ਵੱਖ ਥੈਲੀਆਂ ਵਿਚ ਪਾਓ ਤੇ ਇਸ ਤਰ੍ਹਾਂ ਸੱਤ ਨਮੂਨੇ ਤਿਆਰ ਹੋ ਜਾਣਗੇ।

(ਹ) ਫਿਰ ਇਕ ਪਰਚੀ ਤੇ ਉਹ ਸਾਰੀ ਜਾਣਕਾਰੀ ਜੋ ਪਹਿਲਾਂ ਦੱਸੀ ਗਈ ਹੈ, ਲਿਖ ਕੇ ਹਰ ਥੈਲੀ 'ਚ ਮਿੱਟੀ ਦੇ ਨਾਲ ਹੀ ਬੰਦ ਕਰ ਦਿਓ। (ਕ) ਜੇ ਮਿੱਟੀ ਗਿੱਲੀ ਹੋਵੇ ਤਾਂ ਥੈਲੀਆਂ 'ਚ ਪਾਉਣ ਤੋਂ ਪਹਿਲਾਂ ਛਾਂ 'ਚ ਜ਼ਰੂਰ ਸੁਕਾ ਲਓ। ਜੇ ਕਿਸੇ ਡੂੰਘਾਈ 'ਤੇ ਕੋਈ ਰੋੜਾਂ ਦੀ ਤਹਿ ਹੋਵੇ ਤਾਂ ਉਸਦਾ ਨਮੂਨਾ ਅਲੱਗ ਲੈ ਕੇ ਵੱਖਰੀ ਥੈਲੀ 'ਚ ਪਾ ਲੈਣਾ ਚਾਹੀਦਾ ਹੈ ਤੇ ਉਸ ਤਹਿ ਵੀ ਡੂੰਘਾਈ ਤੇ ਚੌੜਾਈ ਪਰਚੀ 'ਤੇ ਲਿਖ ਕੇ ਉਸ ਥੈਲੀ ਵਿਚ ਪਾ ਦੇਣੀ ਚਾਹੀਦੀ ਹੈ।

### ਕੱਲਰ ਵਾਲੀਆਂ ਜ਼ਮੀਨਾਂ ਦੀ ਪਰਖ

ਲੂਣੀਆਂ ਜਾਂ ਕਲਰਾਠੀਆਂ ਜ਼ਮੀਨਾਂ ਦੀ ਪਰਖ ਲਈ ਨਮੂਨਾ ਲੈਣ ਦਾ ਢੰਗ :

ੳ) ਕੱਲਰ ਵਾਲੀ ਜ਼ਮੀਨ ਵਿਚ 3 ਫੁੱਟ ਡੂੰਘਾ ਟੋਇਆ ਪੁੱਟੋ, ਜਿਸ ਦਾ ਇੱਕ ਪਾਸਾ ਸਿੱਧਾ ਅਤੇ ਦੂਜਾ ਪਾਸਾ ਤਿਰਛਾ ਹੋਵੇ।

(ਅ) ਇਸ ਟੋਏ ਦੇ ਸਿੱਧੇ ਪਾਸੇ ਉਪਰੋਂ ਸ਼ੁਰੂ ਹੋ ਕੇ ਹੇਠਾਂ ਤੱਕ 6 ਇੰਚ, 1 ਫੁੱਟ, 2 ਫੁੱਟ, 3 ਫੁੱਟ, 4 ਫੁੱਟ, 5 ਫੁੱਟ, ਅਤੇ 6 ਫੁੱਟ ਦੀ ਡੂੰਘਾਈ ਤੇ ਨਿਸ਼ਾਨ ਲਾਓ।

(ੲ) ਇਸ ਤੋਂ ਬਾਅਦ ਹਰ ਇਕ ਡੂੰਘਾਈ ਤੋਂ ਉਪਰੋਂ ਸ਼ੁਰੂ ਹੋ ਕੇ ਹੇਠਾਂ ਤੱਕ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਉਤਾਰ ਕੇ ਲਗਭਗ 500 ਗ੍ਰਾਮ ਮਿੱਟੀ ਲਓ। ਇਸ ਇਸ ਤਰ੍ਹਾਂ 4 ਨਮੂਨੇ ਲੈਣੇ ਹਨ।

(ਸ) ਹਰ ਡੂੰਘਾਈ ਤੋਂ ਲਏ ਗਏ ਨਮੂਨੇ ਨੂੰ ਸਾਫ ਕੱਪੜੇ ਦੀ ਵੱਖ-ਵੱਖ ਥੈਲੀ ਵਿਚ ਪਾਓ ਅਤੇ ਹਰ ਥੈਲੀ ਵਿਚ ਇਕ ਪਰਚੀ ਪਾਓ ਜਿਸ ਉੱਪਰ ਕਿਸਾਨ ਦਾ ਨਾਂ ਪੂਰਾ ਪਤਾ ਨਮੂਨੇ ਦੀ ਡੂੰਘਾਈ ਆਦਿ ਦਾ ਪੂਰਾ ਵੇਰਵਾ ਲਿਖਿਆ ਹੋਵੇ।

ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਨਾਲੋਂ ਨਾਈਟ੍ਰੋਜਨ ਖਾਦ ਦੀ 25% ਵੱਧ ਮਾਤਰਾ ਪਾਉਣੀ ਚਾਹੀਦੀ ਹੈ। ਕੱਲਰ ਵਾਲੀਆਂ ਜ਼ਮੀਨਾਂ ਦੇ ਸੁਧਾਰ ਲਈ ਮਿੱਟੀ ਪਰਖ ਦੇ ਆਧਾਰ 'ਤੇ ਸਿਫਾਰਿਸ਼ ਕੀਤੀ ਜਿਪਸਮ ਦੀ ਮਾਤਰਾ ਪਾਉਣੀ ਚਾਹੀਦੀ ਹੈ। ਇਨ੍ਹਾਂ ਜ਼ਮੀਨਾਂ ਵਿਚ ਜੈਵਿਕ ਖਾਦਾਂ/ਹਰੀਆਂ ਖਾਦਾਂ/ਫਸਲਾਂ ਦੀ ਰਹਿੰਦ-ਖੂੰਹਦ ਆਦਿ ਪਾਉਣਾ ਫਾਇਦੇਮੰਦ ਹੁੰਦਾ ਹੈ।

### ਨਮੂਨੇ ਲੈਣ ਦੀ ਹੋਵੇ ਜਾਣਕਾਰੀ

ਅਣਗਹਿਲੀ ਨਾਲ ਲਏ ਗਏ ਨਮੂਨਿਆਂ ਦੀ ਪਰਖ ਕਰਵਾਉਣ ਨਾਲ ਖੇਤਾਂ ਦੀ ਮਿੱਟੀ ਬਾਰੇ ਸਹੀ ਜਾਣਕਾਰੀ ਨਹੀਂ ਮਿਲ ਸਕਦੀ। ਕਿਸਾਨ ਭਰਾਵਾਂ ਨੂੰ ਮਿੱਟੀ ਦੇ ਨਮੂਨੇ ਲੈਣ ਦੇ ਸਹੀ ਢੰਗ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ।

## ਮਿੱਟੀ ਦਾ ਨਮੂਨਾ ਲੈਣ ਦਾ ਢੰਗ

ੳ) ਜ਼ਮੀਨ ਦੀ ਉਪਰਲੀ ਸਤਹਿ ਤੋਂ ਘਾਹ ਫੂਸ ਪਰੇ ਕਰ ਦਿਓ ਪਰ ਮਿੱਟੀ ਬਿਲਕੁੱਲ ਨਾ ਖੁਰਚੋ। ਖੁਰਪੇ ਨਾਲ ਅੰਗਰੇਜ਼ੀ ਦੇ ਅੱਖਰ 'ਵੀ' (V) ਦੀ ਸ਼ਕਲ ਦਾ 6 ਇੰਚ ਦਾ ਟੋਇਆ ਪੁੱਟੋ।

ਅ) ਇਸ ਟੋਏ ਦੇ ਦੋਵੇਂ ਪਾਸਿਓਂ ਤਕਰੀਬਨ ਇੱਕ-ਇੱਕ ਇੰਚ ਮੋਟੀ ਮਿੱਟੀ ਦੀ ਤਹਿ ਉੱਪਰ ਤੋਂ ਲੈ ਕੇ ਥੱਲੇ ਤੱਕ ਇਕਸਾਰ ਉਤਾਰੋ।



ੲ) ਇਸ ਮਿੱਟੀ ਨੂੰ ਕਿਸੇ ਸਾਫ ਬਰਤਨ ਜਾਂ ਕੱਪੜੇ ਵਿਚ ਪਾਓ। ਇਸੇ ਤਰ੍ਹਾਂ ਖੇਤ ਵਿਚੋਂ 6-7 ਹੋਰ ਥਾਵਾਂ ਤੋਂ ਮਿੱਟੀ ਲਓ।

ਸ) ਸਾਰੀ ਮਿੱਟੀ ਨੂੰ ਆਪਸ ਵਿਚ ਚੰਗੀ ਤਰ੍ਹਾਂ ਮਿਲਾ ਕੇ ਉਸ ਵਿਚੋਂ 400-500 ਗ੍ਰਾਮ ਮਿੱਟੀ ਲੈ ਲਓ। ਜੇ ਇਹ ਮਿੱਟੀ ਗਿੱਲੀ ਹੋਵੇ ਤਾਂ ਛਾਂ ਵਿਚ ਸੁਕਾ ਲਿਆ ਜਾਣਾ ਚਾਹੀਦਾ ਹੈ।

ਹ) ਮਿੱਟੀ ਦੇ ਇਸ ਨਮੂਨੇ ਨੂੰ ਕੱਪੜੇ ਦੀ ਥੈਲੀ ਵਿਚ ਪਾ ਕੇ ਉਸ ਦੇ ਨਾਲ ਹੇਠ ਲਿਖੀ ਸੂਚਨਾ ਪਰਚੀ 'ਤੇ ਲਿਖ ਕੇ ਨਾਲ ਨੱਥੀ ਕਰ ਦਿਓ :

- ★ ਕਿਸਾਨ ਦਾ ਨਾਂ ਅਤੇ ਪੂਰਾ ਪਤਾ
- ★ ਖੇਤ ਨੰਬਰ
- ★ ਖੇਤ ਦਾ ਵੇਰਵਾ
- ★ ਨਮੂਨਾ ਪਰਖ ਕਰਵਾਉਣ ਦਾ ਮੰਤਵ
- ★ ਫਸਲੀ ਚੱਕਰ
- ★ ਸਿੰਚਾਈ ਦਾ ਸਾਧਨ
- ★ ਖੇਤ ਵਿਚ ਪਾਈਆਂ ਖਾਦਾਂ ਦਾ ਵੇਰਵਾ
- ★ ਨਮੂਨੇ ਦੀ ਡੂੰਘਾਈ
- ★ ਖੇਤ ਨੂੰ ਵਰਤਣ ਦਾ ਇਰਾਦਾ
- ★ ਕੋਈ ਹੋਰ ਸਮੱਸਿਆ

## ਸੂਖਮ ਤੱਤਾਂ ਲਈ ਮਿੱਟੀ ਪਰਖ

ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ, ਦੇਸੀ ਖਾਦਾਂ ਦੀ ਘੱਟ ਰਹੀ ਵਰਤੋਂ ਕਰਕੇ ਸੂਖਮ ਤੱਤਾਂ ਯਾਨੀ ਕਿ ਜ਼ਿੰਕ, ਮੈਂਗਨੀਜ਼ ਅਤੇ ਲੋਹੇ ਦੀ ਘਾਟ ਜ਼ਮੀਨਾਂ ਵਿਚ ਦੇਖਣ ਨੂੰ ਮਿਲਦੀ ਹੈ। ਜ਼ਿੰਕ ਅਤੇ ਲੋਹੇ ਦੀ ਘਾਟ ਝੋਨੇ ਅਤੇ ਮੱਕੀ ਵਿਚ ਆਉਂਦੀ ਹੈ ਜਦਕਿ ਕਣਕ ਵਿਚ ਜ਼ਿੰਕ ਅਤੇ ਮੈਂਗਨੀਜ਼ ਦੀ ਘਾਟ ਦੇਖਣ ਨੂੰ ਮਿਲਦੀ ਹੈ।

ਜੇ ਜ਼ਮੀਨ 'ਚ ਕੋਈ ਸੂਖਮ ਤੱਤ ਇਕ ਖਾਸ ਮਿਕਦਾਰ ਤੋਂ ਘੱਟ ਹੋਵੇ ਤਾਂ ਫਸਲ 'ਚ ਉਸ ਦੀ ਘਾਟ ਆਉਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਵੱਡੇ ਤੱਤਾਂ ਦੇ ਨਾਲ ਸੂਖਮ ਤੱਤਾਂ ਦੀ ਵੀ ਪਰਖ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਸੂਖਮ ਤੱਤਾਂ ਵਾਲੀਆਂ ਖਾਦਾਂ ਦੀ ਜਿੱਥੇ ਲੋੜ ਹੋਵੇ, ਪਾਈਆਂ ਜਾ ਸਕਣ। ਨਤੀਜਿਆਂ ਦੀ ਸ਼ੁੱਧਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਖੇਤ ਵਿਚੋਂ ਮਿੱਟੀ ਦਾ ਨਮੂਨਾ ਸਹੀ ਢੰਗ ਨਾਲ ਲਿਆ ਹੈ ਜਾਂ ਨਹੀਂ। ਇਹ ਸਾਰੇ ਨਮੂਨੇ ਨੇੜੇ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ 'ਚ ਪਹੁੰਚਾ ਦਿਓ। ਮਿੱਟੀ ਪਰਖ ਦੇ ਨਤੀਜੇ ਕਿਸਾਨਾਂ ਨੂੰ ਮਿੱਟੀ ਪਰਖ ਰਿਪੋਰਟ ਤੇ ਰੂਪ 'ਚ ਦਿੱਤੇ ਜਾਂਦੇ ਹਨ। ਮਿੱਟੀ ਪਰਖ ਹਰੇਕ ਫਸਲੀ ਚੱਕਰ ਜਾਂ ਤਿੰਨ ਸਾਲਾਂ ਬਾਅਦ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਰਾਹੀਂ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਨੂੰ ਵੀ ਬਚਾਇਆ ਜਾ ਸਕਦਾ ਹੈ।



# ਜੁਲਾਈ ਮਹੀਨੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਪੂਰੀ ਕਰੋ

**ਜੁਲਾਈ ਦਾ ਮਹੀਨਾ ਰੁਝੇਵਿਆਂ ਭਰਿਆ ਹੈ। ਇਸ ਮਹੀਨੇ ਸਾਉਣੀ ਦੀਆਂ ਸਾਰੀਆਂ ਫਸਲਾਂ ਜਿਵੇਂ ਕਿ ਝੋਨਾ, ਬਾਸਮਤੀ, ਬਾਜਰਾ, ਦਾਲਾਂ, ਮੱਕੀ, ਹਰਾ ਚਾਰਾ ਤੇ ਸਬਜ਼ੀਆਂ ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ।**



ਡਾ. ਰਣਜੀਤ ਸਿੰਘ

ਪਿਛਲਾ ਵਰ੍ਹਾ ਸਾਰੇ ਸੰਸਾਰ ਵਿਚ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿਚ ਮਨਾਇਆ ਗਿਆ ਹੈ। ਇਸ ਦਾ ਉਪਰਾਲਾ ਵੀ ਭਾਰਤ ਸਰਕਾਰ ਵੱਲੋਂ ਹੀ ਕੀਤਾ ਗਿਆ ਸੀ। ਪੰਜਾਬ ਸਰਕਾਰ ਨੂੰ ਵੀ ਸੂਬੇ ਵਿਚ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਵਿਚ ਬਾਜਰੇ ਦੀ ਅਨਾਜ ਲਈ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਜਦੋਂ ਸਿੰਚਾਈ ਸਹੂਲਤਾਂ ਵਿਚ ਵਾਧਾ ਨਹੀਂ ਸੀ ਹੋਇਆ ਉਦੋਂ ਪੰਜਾਬ ਵਿਚ ਬਾਜਰਾ ਹੀ ਸਾਉਣੀ ਦੀ ਮੁੱਖ ਫਸਲ ਹੁੰਦੀ ਸੀ। ਇਹ ਰੇਤ ਦੇ ਟਿੱਬਿਆਂ ਵਿਚ ਬਰਾਨੀ ਹੀ ਹੋ ਜਾਂਦਾ ਸੀ। ਮਾਲਵੇ ਦੇ ਰੇਤਲੇ ਟਿੱਬੇ ਅਤੇ ਦੁਆਬੇ ਦੇ ਰੇਤਲੇ ਇਲਾਕਿਆਂ ਵਿਚ ਇਸ ਦੀ ਖੇਤੀ ਹੁੰਦੀ



ਸੀ। ਮਾਲਵੇ ਵਿਚ ਤਾਂ ਬਾਜਰੇ ਦੀ ਹੀ ਰੋਟੀ ਪੱਕਦੀ ਸੀ ਕਿਉਂਕਿ ਕਣਕ ਤਾਂ ਕਿਸੇ ਨਸੀਬਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਸੀ। ਅਸਲ ਵਿਚ ਬਾਜਰੇ ਨੂੰ ਮਾਲਵੇ ਦੀ ਆਰਥਿਕਤਾ ਦਾ ਧੁਰਾ ਮੰਨਿਆ ਜਾਂਦਾ ਸੀ। ਇਸੇ ਕਰਕੇ ਬਾਜਰੇ ਵਿਚ ਹੀ ਖੋਜ ਕਾਰਜ ਸ਼ੁਰੂ ਹੋਇਆ। ਸੰਸਾਰ ਵਿਚ ਬਾਜਰੇ ਦੀ ਪਹਿਲੀ ਦੋਗਲੀ ਕਿਸਮ ਪੀ ਐਚ ਬੀ-1 ਡਾ. ਦਿਲਬਾਗ ਸਿੰਘ ਅਟਵਾਲ ਹੋਰਾਂ 1965 ਵਿਚ ਵਿਕਸਤ ਕੀਤੀ ਸੀ। ਕੁਝ ਸਮੇਂ ਪਿਛੋਂ ਇਹ ਬਿਮਾਰੀ ਦਾ ਸ਼ਿਕਾਰ ਹੋ ਗਈ ਤੇ ਮੁੜ ਡਾ. ਖੇਮ ਸਿੰਘ ਗਿੱਲ ਹੋਰਾਂ ਦੂਜੀ ਕਿਸਮ ਪੀ ਐਚ ਬੀ-10 ਤਿਆਰ ਕੀਤੀ। ਇਨ੍ਹਾਂ ਦੋਵਾਂ ਖੇਤੀ ਵਿਗਿਆਨੀਆਂ ਨੂੰ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ ਦਾ ਸਨਮਾਨ ਵੀ ਪ੍ਰਾਪਤ ਹੋਇਆ ਸੀ, ਕਿਉਂਕਿ, ਪਿਛੋਂ ਇਨ੍ਹਾਂ ਦੋਵਾਂ ਨੇ ਹੀ ਕਣਕ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਸਨ। ਸਾਡੇ ਲੋਕ ਗੀਤਾਂ ਵਿਚ ਸਭ ਤੋਂ ਵੱਧ ਬਾਜਰੇ ਦੇ ਹੀ ਚਰਚੇ ਹਨ। ਹੁਣ ਬਾਜਰੇ ਦੀ ਖੇਤੀ ਕੇਵਲ ਚਾਰੇ ਲਈ ਹੀ ਕੀਤੀ ਜਾਂਦੀ ਹੈ। ਜੇਕਰ ਪ੍ਰਚਾਰ ਕੀਤਾ ਜਾਵੇ ਤਾਂ ਇਸ ਵਾਰ ਬਾਜਰੇ ਦੀ ਅਨਾਜ ਲਈ ਖੇਤੀ ਕੋਈ 50 ਹਜ਼ਾਰ ਹੈਕਟੇਅਰ ਵਿਚ ਕੀਤੀ ਜਾ ਸਕਦੀ ਹੈ। ਇਕ ਨਵੀਂ ਕਿਸਮ ਪੀ ਸੀ ਬੀ-166 ਦੀ ਸਿਫਾਰਿਸ਼ ਕੀਤੀ ਗਈ ਹੈ। ਜਿਸ ਤੋਂ ਇਕ ਏਕੜ ਵਿਚੋਂ 16 ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜੇਹਾ ਕਰਨ ਲਈ ਖੇਤੀਬਾੜੀ ਵਿਭਾਗ ਵੱਲੋਂ ਇਸ ਕਿਸਮ ਦੇ ਬੀਜ ਦਾ ਪ੍ਰਬੰਧ ਕਰਨਾ ਪਵੇਗਾ ਅਤੇ ਪੰਜਾਬ ਸਰਕਾਰ ਨੂੰ ਮਿੱਥੇ ਘੱਟੋ-ਘੱਟ ਮੁੱਲ ਉੱਤੇ ਖਰੀਦ ਨੂੰ ਯਕੀਨੀ ਬਣਾਉਣਾ ਪਵੇਗਾ। ਇਤਨੀ ਘੱਟ ਮਿਕਦਾਰ ਦੀ ਖਰੀਦ ਪੰਜਾਬ ਸਰਕਾਰ ਆਪਣੀ ਹਿੰਮਤ ਨਾਲ ਵੀ ਕਰ ਸਕਦੀ ਹੈ। ਸਰਕਾਰ ਵੱਲੋਂ ਕਣਕ ਦੇ ਬੀਜ ਉੱਤੇ ਦਿੱਤੀ ਜਾ ਰਹੀ ਰਿਆਇਤ ਬਾਜਰੇ ਦੀ ਇਸ ਕਿਸਮ ਦੇ ਬੀਜ ਉੱਤੇ ਦੇਣੀ ਚਾਹੀਦੀ ਹੈ।

ਝੋਨੇ ਤੋਂ ਪਹਿਲਾਂ ਬਾਜਰੇ ਦੇ ਨਾਲ ਹੀ ਸੇਂਜੂ ਖੇਤਾਂ ਵਿਚ ਸਾਉਣੀ ਦੇ ਮੌਸਮ ਵਿਚ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ। ਅਸਲ ਵਿਚ ਮਾਝੇ ਅਤੇ ਦੁਆਬੇ ਦੇ ਲੋਕ ਸਿਆਲ ਦੇ ਦਿਨਾਂ ਵਿਚ ਆਮ ਕਰਕੇ ਸਰੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਹੀ ਖਾਂਦੇ ਸਨ। ਮੱਕੀ ਦੀ ਰੋਟੀ ਦੀ ਵਰਤੋਂ ਚੂਰੀ ਕੁੱਟਣ ਲਈ ਵੀ ਹੁੰਦੀ ਹੈ। ਜਦੋਂ ਸਕੂਲ ਜਾਂਦੇ ਸਾਂ ਤਾਂ ਮਾਂ ਡੱਬੀ ਵਿਚ ਚੂਰੀ ਕੁੱਟ ਕੇ ਪਾ ਦਿੰਦੀ ਸੀ। ਚੂਰੀ ਮੱਕੀ ਦੀ ਰੋਟੀ, ਦੇਸੀ ਘਿਓ ਅਤੇ ਸ਼ੱਕਰ ਨੂੰ ਰਲਾ ਕੇ ਬਣਾਈ ਜਾਂਦੀ ਸੀ। ਪਿਛਲੇ ਸਾਲ ਪੰਜਾਬ ਵਿਚ ਮੱਕੀ ਦੀ ਖੇਤੀ ਇਕ ਲੱਖ ਪੰਜ ਹਜ਼ਾਰ ਹੈਕਟੇਅਰ ਉੱਤੇ ਕੀਤੀ ਗਈ। ਇੰਝ ਸੂਬੇ ਵਿਚ ਕਣਕ, ਝੋਨਾ ਤੇ ਨਰਮੇ ਪਿਛੋਂ ਇਹ ਚੌਥੀ ਫਸਲ ਬਣ ਗਈ ਹੈ। ਪੰਜਾਬ ਵਿਚ ਕਾਸ਼ਤ ਲਈ ਪੀ ਐਮ ਐਚ-14, ਡੀ ਕੇ ਸੀ-9144, ਐਮ ਐਚ 13, ਬਾਇਓਸੀਡ-9788, ਏ ਡੀ ਵੀ 9293 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ 24 ਕੁਇੰਟਲ ਤੋਂ ਵੱਧ ਪ੍ਰਤੀ ਏਕੜ ਝਾੜ ਪ੍ਰਾਪਤ ਹੋ ਸਕਦਾ ਹੈ ਅਤੇ ਪੱਕਣ ਵਿਚ 100 ਦਿਨਾਂ ਦਾ ਸਮਾਂ ਲੈਂਦੀਆਂ ਹਨ। ਸ਼ਹਿਰਾਂ ਦੇ ਨੇੜੇ ਹਰੀਆਂ ਛੱਲੀਆਂ ਵੀ ਵੇਚੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਟਾਂਡੇ ਡੰਗਰਾਂ ਲਈ ਵਧੀਆ ਚਾਰਾ ਹਨ ਇਸ ਕਰਕੇ ਸਾਂਭ ਸੰਭਾਲ ਵੀ ਕੋਈ ਸਮੱਸਿਆ ਨਹੀਂ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਮੱਕੀ ਅਧਾਰਿਤ ਪੰਜਾਬ ਵਿਚ ਕਾਰਖਨੇ ਲਗਵਾਏ। ਇਸ ਪਾਸੇ ਪੰਜਾਬ ਐਗਰੋ ਯਤਨ ਕਰ ਸਕਦੀ ਹੈ। ਕਾਰਖਾਨੇ ਲੱਗਣ ਤਾਂ ਮੱਕੀ ਦੀ ਵਿਕਰੀ ਦੀ ਸਮੱਸਿਆ ਨਹੀਂ ਬਣੇਗੀ। ਮੱਕੀ ਦੀ ਬਿਜਾਈ ਨਹੀਂ ਕੀਤੀ ਤਾਂ ਪਹਿਲੇ ਹਫਤੇ ਪੂਰੀ ਕਰ ਲੈਣੀ ਚਾਹੀਦੀ ਹੈ। ਇਸ ਸਮੇਂ ਘੱਟ ਸਮਾਂ ਲੈਣ ਵਾਲੀ ਕਿਸਮ ਪੀ ਐਮ ਐਚ 2 ਬੀਜੀ ਜਾ ਸਕਦੀ ਹੈ। ਮਾਂਹ ਅਤੇ ਮੂੰਗੀ ਸਾਉਣੀ ਦੀਆਂ ਮੁੱਖ ਦਾਲਾਂ ਹਨ। ਪੰਜਾਬੀਆਂ ਦੀਆਂ ਵੀ ਇਹ ਸਭ ਤੋਂ ਵੱਧ ਵਰਤੋਂ ਕੀਤੀਆਂ ਜਾਣ ਵਾਲੀਆਂ ਦਾਲਾਂ ਹਨ। ਮੂੰਗੀ ਦੀਆਂ ਐਮ ਐਲ 1808 ਅਤੇ ਐਮ ਐਲ 2056 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਹੋ ਜਾਂਦਾ ਹੈ। ਇਕ ਏਕੜ ਲਈ ਅੱਠ ਕਿਲੋ ਬੀਜ ਚਾਹੀਦਾ ਹੈ। ਮਾਂਹ ਪੰਜਾਬ ਵਿਚ ਸਭ ਤੋਂ ਵਧ ਵਰਤੀ ਜਾਣ ਵਾਲੀ ਦਾਲ ਹੈ। ਇਸ ਨੂੰ ਸ਼ਗਨਾਂ ਦੀ ਨਿਸ਼ਾਨੀ ਵੀ ਸਮਝਿਆ ਜਾਂਦਾ ਹੈ। ਮਾਂਹ 883 ਅਤੇ ਮਾਂਹ 114 ਸਿਫਾਰਸ਼ ਕੀਤੀਆਂ ਕਿਸਮਾਂ ਹਨ। ਮਾਂਹ 883 ਕੇਵਲ 77 ਦਿਨਾਂ ਵਿਚ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

---

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 26
ਮਿਤੀ 29-06-2024



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਲੀਚੀ ਦੇ ਫਲਾਂ ਦੀ ਪੈਕਜਿੰਗ ਸਮੱਗਰੀ ਤੇ ਪੰਜਾਬ ਸਰਕਾਰ ਵੱਲੋਂ ਸਬਸਿਡੀ

ਪੰਜਾਬ ਵਿੱਚ ਲੀਚੀ ਦੀ ਕਾਸ਼ਤ ਨੀਮ ਪਹਾੜੀ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ। ਲੀਚੀ ਬੂਟੇ ਉੱਤੇ ਹੀ ਪੱਕਣ ਵਾਲਾ ਫਲ ਹੈ ਅਤੇ ਤੁੜਾਈ ਆਮ ਤੌਰ 'ਤੇ ਲਾਲ ਰੰਗ, ਫਲ ਦੇ ਆਕਾਰ ਅਤੇ ਮਿਠਾਸ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਪੰਜਾਬ ਵਿੱਚ ਲੀਚੀ ਦੀਆਂ ਕਿਸਮਾਂ ਆਮ ਤੌਰ 'ਤੇ ਫੁੱਲ ਨਿਕਲਣ ਤੋਂ 55-75 ਦਿਨ ਬਾਅਦ ਪੱਕ ਜਾਂਦੀਆਂ ਹਨ। ਲੀਚੀ ਦੀ ਤੁੜਾਈ ਗੁੱਛੇ ਸਮੇਤ ਟਾਹਣੀਆਂ ਅਤੇ ਕੁੱਝ ਪੱਤੇ ਰੱਖ ਕੇ ਕੀਤੀ ਜਾਂਦੀ ਹੈ। ਦੂਰ ਦੁਰਾਡੇ ਮੰਡੀਆਂ ਲਈ ਇਸ ਦੀ ਤੁੜਾਈ ਉਸ ਵੇਲੇ ਕਰਨੀ ਚਾਹੀਦੀ ਹੈ, ਜਦੋਂ ਇਸ ਦੀ ਮਿਠਾਸ 17-18% ਅਤੇ ਖਟਾਸ 0.3 ਤੋਂ 0.4% ਹੋਵੇ। ਤੁੜਾਈ ਉਪਰੰਤ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਇਸਦਾ ਫਲ ਜ਼ਮੀਨ ਅਤੇ ਧੁੱਪ ਵਿੱਚ ਨਾ ਰੱਖਿਆ ਜਾਵੇ।



**ਡੱਬਾਬੰਦੀ** : ਬਾਗਬਾਨੀ ਫ਼ਸਲਾਂ ਵਿੱਚ ਤੁੜਾਈ ਤੋਂ ਬਾਅਦ ਦਾ ਨੁਕਸਾਨ 6-18 ਪ੍ਰਤੀਸ਼ਤ ਤੱਕ ਹੁੰਦਾ ਹੈ। ਲੀਚੀ ਬਹੁਤ ਹੀ ਨਾਜ਼ੁਕ ਫਲ ਹੈ ਅਤੇ ਮੰਡੀਆਂ ਵਿੱਚ ਆਮ ਤੌਰ 'ਤੇ ਫ਼ਲ ਗੁੱਛਿਆਂ ਵਿੱਚ ਵੇਚਿਆ ਜਾਂਦਾ ਹੈ। ਰਵਾਇਤੀ ਮੰਡੀਕਰਨ ਪ੍ਰਣਾਲੀ ਵਿੱਚ, ਫਲ ਜੂਟ ਦੀਆਂ ਬੋਰੀਆਂ (ਪੱਲੀ) ਜਾਂ ਬਾਰਦਾਨੇ, ਲੱਕੜ ਦੇ ਬਕਸਿਆਂ ਅਤੇ ਟੋਕਰੀਆਂ ਵਿੱਚ ਪੈਕ ਕੀਤੇ ਜਾਂਦੇ ਹਨ, ਜਿਸ ਕਰਕੇ ਫਲਾਂ ਦੀ ਗੁਣਵੱਤਾ ਵਿੱਚ ਗਿਰਾਵਟ ਆਉਂਦੀ ਹੈ ਅਤੇ ਫਲ ਨੂੰ ਲੰਬੇ ਸਮੇਂ ਲਈ ਮੰਡੀਕਰਨ ਨਹੀਂ ਕੀਤਾ ਜਾ ਸਕਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਤਿਆਰ ਕੀਤੀਆਂ 2, 4 ਅਤੇ 10 ਕਿਲੋ ਦੀਆਂ ਕੋਰੂਗੇਟਡ ਫਾਈਬਰ ਬੋਰਡ (CFB) ਬਕਸਿਆਂ ਨੂੰ ਲੀਚੀ ਲਈ ਡੱਬਾਬੰਦੀ ਮਾਰਕੀਟ ਕਰਨ ਦੀ ਸਿਫਾਰਿਸ਼ ਕੀਤੀ ਹੈ। ਹਰ ਡੱਬੇ ਵਿੱਚ ਹਵਾ ਦੇ ਅੰਦਰ ਆਉਣ ਲਈ 5% ਸੁਰਾਖ ਹੋਣੇ ਜ਼ਰੂਰੀ ਹਨ। ਲੀਚੀ ਦੇ ਵਪਾਰਕ ਮੰਡੀਕਰਨ ਲਈ CFB ਬਕਸਿਆਂ ਵਿੱਚ ਪੈਕ ਕੀਤੇ ਫ਼ਲ, ਫ਼ਲਾਂ ਦੀ ਦਿੱਖ, ਗੁਣਵੱਤਾ ਅਤੇ ਮਾਰਕੀਟ ਯੋਗਤਾ ਨੂੰ ਬਰਕਰਾਰ ਰੱਖਦੇ ਹਨ। ਇਨ੍ਹਾਂ ਬਕਸਿਆਂ ਦੀ ਵਿਸਥਾਰ ਸੰਬੰਧੀ ਜਾਣਕਾਰੀ ਇਸ ਪ੍ਰਕਾਰ ਹੈ :

| | |
|---|---|
| 2 ਕਿਲੋ | 340 mm × 220 mm × 100 mm |
| 4 ਕਿਲੋ | 340 mm × 220 mm × 190 mm |
| 8-10 ਕਿਲੋ | 450 mm × 240 mm × 180 mm |

CFB ਬਕਸੇ 3 ਪਲਾਈ (2, 4 ਕਿਲੋ) ਸਥਾਨਕ ਪ੍ਰਚੂਨ ਮਾਰਕੀਟ ਲਈ ਅਤੇ 5 ਪਲਾਈ (10 ਕਿਲੋ) ਬਾਕਸ ਦੂਰ ਦੀ ਮਾਰਕੀਟਿੰਗ ਲਈ ਵਰਤੇ ਜਾ ਸਕਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਪੰਜਾਬ ਹਾਰਟੀਕਲਚਰਲ ਪੋਸਟ ਹਾਰਵੈਸਟ ਟੈਕਨੋਲੋਜੀ ਸੈਂਟਰ (PHPTC) ਦੀ ਸਿਫਾਰਿਸ਼ 'ਤੇ ਬਾਗਬਾਨੀ ਵਿਭਾਗ ਪੰਜਾਬ ਸਰਕਾਰ ਨੇ ਸਾਲ 2024-25 ਦੌਰਾਨ ਇਸ ਤਕਨੀਕ 'ਤੇ ਸਬਸਿਡੀ ਨੂੰ ਪ੍ਰਵਾਨਗੀ ਦਿੱਤੀ ਹੈ। ਬਾਗਬਾਨ 10 ਕਿਲੋ ਕਿੰਨੂ, ਲੀਚੀ ਅਤੇ ਨਾਸ਼ਪਾਤੀ ਫਲਾਂ ਦੀ ਤੁੜਾਈ ਤੋਂ ਬਾਅਦ ਗੱਤੇ ਦੇ ਬਕਸਿਆਂ (CFB – 450 mm × 240 mm × 180 mm) ਜਿਸ ਦੀ ਮੋਟਾਈ ਲਗਭਗ 5 ਪਲਾਈ ਹੋਵੇ, ਵਿੱਚ ਡੱਬਾ ਬੰਦ ਕਰਕੇ ਬਾਗਬਾਨੀ ਵਿਭਾਗ (ਪੰਜਾਬ) ਤੋਂ ਸਬਸਿਡੀ ਲੈ ਸਕਦੇ ਹਨ। ਫਲ ਉਤਪਾਦਕ 500 ਡੱਬਿਆਂ ਤੱਕ 50 ਪ੍ਰਤੀਸ਼ਤ ਦੀ ਸਬਸਿਡੀ ਬਾਗਬਾਨੀ ਵਿਭਾਗ, ਪੰਜਾਬ ਸਰਕਾਰ ਤੋਂ ਪ੍ਰਾਪਤ ਕਰ ਸਕਦਾ ਹੈ।

ਬਾਗਬਾਨ ਆਪਣੀ ਇੱਛਾ ਦੇ ਨਾਲ ਡੱਬੇ ਉਪਰ ਆਪਣਾ ਕੋਈ ਲੇਬਲ ਜਾਂ ਬ੍ਰਾਂਡ ਲਿਖਣਾ ਚਾਹੁਣ ਤਾਂ ਉਹ ਲਿਖਵਾ ਕੇ ਮੰਡੀਕਰਨ ਕਰ ਸਕਦੇ ਹਨ।

ਪੈਕਿੰਜਿੰਗ ਸਮੱਗਰੀ ਤੇ ਸਬਸਿਡੀ ਲੈਣ ਲਈ ਬਾਗਬਾਨ ਆਪਣੇ ਇਲਾਕੇ ਦੇ ਬਾਗਬਾਨੀ ਵਿਕਾਸ ਅਫਸਰ ਜਾਂ ਡਿਪਟੀ ਡਾਇਰੈਕਟਰ (ਬਾਗਬਾਨੀ ਵਿਭਾਗ), ਪੰਜਾਬ ਸਰਕਾਰ ਦੇ ਦਫਤਰ ਨਾਲ ਸੰਪਰਕ ਕਰਕੇ ਇਹ ਸਬਸਿਡੀ ਪ੍ਰਾਪਤ ਕਰ ਸਕਦੇ ਹਨ।


**ਬੀ. ਵੀ. ਸੀ. ਮਹਾਜਨ, ਨਵਪ੍ਰੇਮ ਸਿੰਘ ਅਤੇ ਬਿਕਰਮਜੀਤ ਸਿੰਘ,**
**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਬਾਗਬਾਨੀ ਵਿਭਾਗ,**
**ਪੀ. ਏ. ਯੂ., ਲੁਧਿਆਣਾ** (ਮੋ. 94178-55105)


# ਚੰਗਾ ਝਾੜ ਲੈਣ ਲਈ ਮੂੰਗਫਲੀ ਦੇ ਬੀਜ ਦੀ ਸੋਧ ਜ਼ਰੂਰੀ



ਮੂੰਗਫਲੀ ਦੀ ਫ਼ਸਲ ਉੱਤੇ ਵੱਖ-ਵੱਖ ਸਮੇਂ ਕੀੜਿਆਂ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਪਰ ਅਗਰ ਕਿਸਾਨ ਵੀਰ ਮੂੰਗਫਲੀ ਦੇ ਬੀਜ ਦੀ ਬਿਜਾਈ ਤੋਂ ਪਹਿਲਾਂ ਸੋਧ ਕਰ ਲੈਣ ਤੇ ਇਹਨਾਂ ਬਿਮਾਰੀਆਂ ਅਤੇ ਕੀੜਿਆਂ ਤੋਂ ਰੋਕਥਾਮ ਕਰ ਸਕਦੇ ਹਨ ਅਤੇ ਕੀਟਨਾਸ਼ਕਾਂ/ਉੱਲੀਨਾਸ਼ਕਾਂ ਦਾ ਵਾਧੂ ਖਰਚਾ ਘਟਾ ਸਕਦੇ ਹਨ।

**ਕੀੜੇ**

**ਚਿੱਟਾ ਸੁੰਡ (ਵਾਈਟ ਗਰੱਬ)** : ਇਹ ਕੀੜੇ ਮੌਨਸੂਨ



ਵਿੱਚ ਜ਼ਿਆਦਾ ਸੰਖਿਆ ਵਿੱਚ ਹੁੰਦੇ ਹਨ ਅਤੇ ਰਾਤ ਨੂੰ ਖੁਰਾਕ ਖਾਣ ਲਈ ਬਾਹਰ ਆਉਂਦੇ ਹਨ ਅਤੇ ਫ਼ਸਲ ਦੀਆਂ ਜੜ੍ਹਾਂ ਉਪਰਲੀਆਂ ਗੰਢਾਂ ਅਤੇ ਬਰੀਕ ਜੜ੍ਹਾਂ ਨੂੰ ਖਾ ਜਾਂਦੇ ਹਨ। ਇਹ ਮੁੱਖ ਜੜ੍ਹ ਨੂੰ ਵੀ ਖੋਖਲਾ ਕਰ ਦਿੰਦੇ ਹਨ ਅਤੇ ਅੰਤ ਵਿੱਚ ਬੂਟੇ ਮਰ ਜਾਂਦੇ ਹਨ।

**ਸਿਉਂਕ** : ਇਸ ਕੀੜੇ ਦਾ ਹਮਲਾ ਬਿਜਾਈ ਤੋਂ ਬਾਅਦ ਹੀ ਸ਼ੁਰੂ ਹੋ ਜਾਂਦਾ ਹੈ, ਜੋ ਕਿ ਜੜ੍ਹਾਂ



ਅਤੇ ਤਣੇ ਵਿੱਚ ਸੁਰੰਗਾਂ ਬਣਾ ਕੇ ਨੁਕਸਾਨ ਕਰਦੀ ਹੈ। ਸਿੱਟੇ ਵਜੋਂ ਬੂਟੇ ਸੁੱਕ ਜਾਂਦੇ ਹਨ ਅਤੇ ਖਿੱਚਣ 'ਤੇ ਆਸਾਨੀ ਨਾਲ ਬਾਹਰ ਆ ਜਾਂਦੇ ਹਨ।

**ਰੋਕਥਾਮ** : ਸਿਉਂਕ ਅਤੇ ਚਿੱਟੇ ਸੁੰਡ ਦੀ ਰੋਕਥਾਮ ਲਈ ਬੀਜ ਨੂੰ ਬਿਜਾਈ ਸਮੇਂ 2 ਮਿਲੀਲੀਟਰ ਨਿਓਨਿਕਸ 20 ਐਫ. ਐਸ. (ਇਮੀਡਾਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਬੀਜੋ।

**ਬਿਮਾਰੀਆਂ** :

**ਬੀਜ ਦਾ ਗਲਣਾ ਅਤੇ ਗਿੱਚੀ ਗਲਣਾ (ਕਾਲਰ ਰੌਟ)** : ਇਹ ਉੱਲੀ ਦੀ ਬਿਮਾਰੀ ਬੀਜ ਰਾਹੀਂ ਆਉਂਦੀ ਹੈ, ਜਿਸ ਨਾਲ ਕਈ ਵਾਰੀ ਬੀਜ ਜੰਮਣ ਤੋਂ ਪਹਿਲਾਂ ਹੀ ਗਲ ਜਾਂਦਾ ਹੈ ਜਾਂ ਉੱਗਣ ਤੋਂ ਬਾਅਦ ਪੌਦਾ ਜ਼ਮੀਨ ਦੀ ਪੱਧਰ 'ਤੇ ਗਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਸ ਉੱਪਰ ਕਾਲੀ ਉੱਲੀ ਵੀ ਨਜ਼ਰ ਆਉਂਦੀ ਹੈ। ਇਸ ਨਾਲ ਫ਼ਸਲ ਦਾ ਜੰਮ ਘੱਟ ਜਾਂਦਾ ਹੈ।

**ਪੱਤਿਆਂ ਦੇ ਧੱਬਿਆਂ ਦਾ ਰੋਗ (ਟਿੱਕਾ ਰੋਗ)** : ਇਸ ਬਿਮਾਰੀ ਦਾ ਕਾਰਨ ਉੱਲੀਆਂ ਹਨ। ਇਸ ਉੱਲੀ ਦੇ ਹਮਲੇ ਕਾਰਣ ਧੱਬੇ ਗੋਲ ਤੇ ਬੇਤਰਤੀਬੇ ਆਕਾਰ ਦੇ ਲਾਲ ਭੂਰੇ ਤੋਂ ਕਾਲੇ ਭੂਰੇ ਰੰਗ ਦੇ ਹੁੰਦੇ ਹਨ, ਜਿਨ੍ਹਾਂ ਦੇ ਆਸੇ-ਪਾਸੇ ਪੀਲੇ ਘੇਰੇ ਬਣ ਜਾਂਦੇ ਹਨ। ਇਹ ਉੱਲੀ ਪੱਤੇ, ਡੰਡੀਆਂ ਅਤੇ ਤਣੇ 'ਤੇ ਬਹੁਤ ਵਧਦੀ ਹੈ। ਇਨ੍ਹਾਂ ਧੱਬਿਆਂ ਕਾਰਨ ਮੂੰਗਫਲੀ ਦੇ ਪੱਤੇ ਝੜ ਜਾਂਦੇ ਹਨ।

**ਰੋਕਥਾਮ** : ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਗਿਰੀਆਂ ਨੂੰ 2 ਮਿਲੀਲਿਟਰ ਨਿਓਨਿਕਸ 20 ਐਫ. ਐਸ. (ਇਮੀਡਾਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਜਾਂ 1.5



ਗ੍ਰਾਮ ਸੀਡੇਕਸ 2 ਡੀ. ਐਸ. (ਟੈਬੂਕੋਨਾਜ਼ੋਲ) ਜਾਂ 5.0 ਗ੍ਰਾਮ ਥੀਰਮ (ਟੈਟਰਾ ਮਿਥਾਇਲ ਥਾਈਯੂਰਮ) ਜਾਂ 3.0 ਗ੍ਰਾਮ ਇੰਡੋਫਿਲ ਐਮ-45 (ਮੈਂਕੋਜ਼ੇਬ) ਪ੍ਰਤੀ ਕਿਲੋ ਗਿਰੀਆਂ ਦੇ ਹਿਸਾਬ ਨਾਲ ਸੋਧ ਕੇ ਬੀਜੋ। ਨਿਓਨਿਕਸ ਨਾਲ ਬੀਜ ਦੀ ਸੋਧ ਕਰਨ ਨਾਲ ਚਿੱਟੇ ਸੁੰਡ ਅਤੇ ਸਿਉਂਕ ਲਈ ਅਲੱਗ ਤੋਂ ਬੀਜ ਸੋਧ ਕਰਨ ਦੀ ਲੋੜ ਨਹੀਂ।


**ਰਾਕੇਸ਼ ਕੁਮਾਰ ਸ਼ਰਮਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ,**
**ਗੰਗੀਆਂ, ਹੁਸ਼ਿਆਰਪੁਰ**
(ਮੋ. 9872-82111)

# ਬਾਸਮਤੀ ਦੀਆਂ ਕਿਸਮਾਂ ਲਈ ਬਿਜਾਈ ਲਈ ਢੁਕਵਾਂ ਸਮਾਂ



# ਯੂਰੀਏ ਦੀ ਵਰਤੋਂ ਲਈ ਪੀ.ਏ.ਯੂ. ਪੱਤਾ ਰੰਗ ਚਾਰਟ ਅਪਣਾਓ

ਅਮਿਤ ਕੌਲ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81464-00233)

**ਪਨੀਰੀ ਬੀਜਣ ਅਤੇ ਪੁੱਟ ਕੇ ਲਾਉਣ ਦਾ ਸਮਾਂ** : ਬਾਸਮਤੀ ਦੇ ਚੰਗੀ ਕਿਸਮ ਦੇ ਚੌਲ ਅਤੇ ਝਾੜ ਪੈਦਾ ਕਰਨ ਲਈ ਪਨੀਰੀ ਪੁੱਟ ਕੇ ਲਾਉਣ ਦਾ ਸਮਾਂ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਕਿਸਮਾਂ ਤੇ ਸਿੱਟੇ ਉਸ ਸਮੇਂ ਪੈਂਦੇ ਹਨ ਜਦੋਂ ਕਿ ਦਿਨ ਦੀ ਲੰਬਾਈ ਢੁੱਕਵੀਂ ਹੋਵੇ। ਅਗੇਤੀ ਫਸਲ ਉਸ ਸਮੇਂ ਸਿੱਟਿਆਂ ਤੇ ਆ ਜਾਂਦੀ ਹੈ ਜਦੋਂ ਤਾਪਮਾਨ ਵਧੇਰੇ ਹੁੰਦਾ ਹੈ, ਜਿਸ ਨਾਲ ਚੌਲ ਪੱਕਣ ਦੇ ਗੁਣਾਂ ਤੇ ਅਸਰ ਪੈਂਦਾ ਹੈ।

| ਕਿਸਮਾਂ | ਪਨੀਰੀ ਬੀਜਣ ਦਾ ਸਮਾਂ | ਲੁਆਈ ਦਾ ਸਮਾਂ |
|---|---|---|
| ਸੀ ਐਸ ਆਰ 30 ਅਤੇ ਪੂਸਾ ਬਾਸਮਤੀ 1509 | ਜੂਨ ਦਾ ਦੂਜਾ ਪੰਦਰ੍ਹਵਾੜਾ | ਜੁਲਾਈ ਦਾ ਦੂਜਾ ਪੰਦਰ੍ਹਵਾੜਾ |

**ਪਨੀਰੀ ਨੂੰ ਪੁੱਟ ਕੇ ਖੇਤ ਵਿਚ ਲਾਉਣ ਦਾ ਤਰੀਕਾ** : ਪੁੱਟਣ ਤੋਂ ਪਹਿਲਾਂ ਪਨੀਰੀ ਨੂੰ ਪਾਣੀ ਲਾ ਦਿਉ ਅਤੇ ਪੁੱਟਣ ਪਿਛੋਂ ਜੜ੍ਹਾਂ ਧੋ ਲਵੋ ਤਾਂ ਕਿ ਮਿੱਟੀ ਲੱਥ ਜਾਵੇ। ਢੁਕਵੇਂ ਸਮੇਂ ਤੇ ਚੰਗੇ ਕੱਦੂ ਕੀਤੇ ਖੇਤ ਵਿਚ 20×15 ਸੈਂਟੀਮੀਟਰ ਦੀ ਵਿੱਥ ਤੇ ਇੱਕ ਥਾਂ ਦੋ-ਦੋ ਪੌਦੇ ਲਾਉ। (33 ਪੌਦੇ ਪ੍ਰਤੀ ਵਰਗ ਮੀਟਰ)। ਪਿਛੇਤੀ ਹਾਲਤ ਵਿਚ ਦੂਰੀ 15×15 ਸੈਂਟੀਮੀਟਰ (44 ਪੌਦੇ ਪ੍ਰਤੀ ਵਰਗ ਮੀਟਰ) ਕਰ ਦਿਉ ਤਾਂ ਕਿ ਝਾੜ ਤੇ ਕੋਈ ਅਸਰ ਨਾ ਪਵੇ।

**ਲੋੜ ਅਨੁਸਾਰ ਯੂਰੀਆ ਦੀ ਵਰਤੋਂ ਲਈ ਪੀ ਏ ਯੂ-ਪੱਤਾ ਰੰਗ ਚਾਰਟ ਵਿਧੀ**

★ ਝੋਨੇ ਦੀ ਲੁਆਈ ਸਮੇਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਓ।

★ ਪਨੀਰੀ ਲਾਉਣ ਤੋਂ 14 ਦਿਨ ਬਾਅਦ 7 ਦਿਨ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ।

★ ਹਰ ਵਾਰ ਖੇਤ ਵਿਚ ਦਸ ਬੂਟਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਬੂਟੇ ਨਾਲੋਂ ਤੋੜੇ ਬਿਨਾਂ ਚਾਰਟ ਨਾਲ ਮਿਲਾਓ।

★ ਜਦੋਂ ਦਸ ਵਿੱਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਦਾ ਛਿੱਟਾ ਦਿਓ।

★ ਜੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਦੀ ਟਿੱਕੀ ਨੰਬਰ 4 ਦੇ ਬਰਾਬਰ ਜਾਂ ਗੂੜ੍ਹਾ ਹੋਵੇ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ।

★ ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਖਾਦ ਨਹੀਂ ਪਾਉਣੀ ਚਾਹੀਦੀ।

**ਨੋਟ** : ਲੋੜ ਅਨੁਸਾਰ ਨਾਈਟ੍ਰੋਜਨ ਖਾਦ ਪਾਉਣ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਝੋਨੇ ਦੀਆਂ ਸਾਰੀਆਂ ਪ੍ਰਚੱਲਤ ਕਿਸਮਾਂ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਖੇਤਾਂ ਵਿਚ ਰੂੜੀ ਦੀ ਵਰਤੋਂ ਕੀਤੀ ਜਾਂਦੀ ਹੈ, ਉਨ੍ਹਾਂ ਖੇਤਾਂ ਵਿਚ ਪੱਤਾ ਰੰਗ ਚਾਰਟ ਦੀ ਵਰਤੋਂ ਵਿਸ਼ੇਸ਼ ਤੌਰ ਤੇ ਲਾਹੇਵੰਦ ਹੈ। ਪੱਤਾ ਰੰਗ ਚਾਰਟ ਦੀ ਵਰਤੋਂ ਸਮੇਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਬੂਟਿਆਂ ਦੇ ਪੱਤਿਆਂ ਦਾ ਰੰਗ ਹੀ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਉਣਾ ਚਾਹੀਦਾ ਹੈ। ਫਸਲ ਨੂੰ ਪਾਣੀ ਦੀ ਔੜ ਨਹੀਂ ਲੱਗਣੀ ਚਾਹੀਦੀ ਅਤੇ ਬਾਕੀ ਖੁਰਾਕੀ ਤੱਤਾਂ ਦੀ ਵਰਤੋਂ ਵੀ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਪੱਤਾ ਰੰਗ ਚਾਰਟ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੀ ਬੀਜਾਂ ਦੀ ਦੁਕਾਨ, ਗੇਟ ਨੰ: 1 ਜਾਂ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਫਾਰਮ ਸਲਾਹਕਾਰ ਕੇਂਦਰਾਂ ਤੋਂ ਖਰੀਦਿਆ ਜਾ ਸਕਦਾ ਹੈ।

# ਝੋਨੇ ਦੀ ਕਾਸ਼ਤ ਵਿੱਚ ਪੈਸੇ ਅਤੇ ਪਾਣੀ ਦੀ ਬੱਚਤ

**ਜ਼ਮੀਨਾਂ ਦਾ ਇਕਸਾਰ ਪੱਧਰ** : ਝੋਨੇ/ਬਾਸਮਤੀ ਦੀ ਕਾਸ਼ਤ ਕਰਨ ਤੋਂ ਪਹਿਲਾਂ ਜ਼ਮੀਨ ਨੂੰ ਲੇਜ਼ਰ ਕਰਾਹੇ ਦੀ ਵਰਤੋਂ ਕਰਕੇ ਇਕਸਾਰ ਪੱਧਰ ਕਰਨ ਨਾਲ 20 ਤੋਂ 25 ਪ੍ਰਤੀਸ਼ਤ ਪਾਣੀ ਬਚਾਇਆ ਜਾ ਸਕਦਾ ਹੈ। ਹਰ ਤੀਜੇ ਸਾਲ ਇਸ ਨੂੰ ਦੁਬਾਰਾ ਪੱਧਰ ਕਰ ਲੈਣਾ ਚਾਹੀਦਾ ਹੈ। ਪਡਲਰ ਜਾਂ ਪਲਵਰਾਇਜ਼ਿੰਗ ਰੋਲਰ ਦੀ ਵਰਤੋਂ ਨਾਲ



ਕੱਦੂ ਕੀਤੇ ਖੇਤ ਵਿਚ ਝੋਨਾ ਲਗਾਉਣ ਨਾਲ 20-25 ਫੀਸਦੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

**ਹਲਕੀਆਂ ਜ਼ਮੀਨਾਂ ਵਿਚ ਝੋਨਾ ਲਾ ਲਾਓ** : ਹਲਕੀਆਂ ਜਾਂ ਰੇਤਲੀਆਂ ਜ਼ਮੀਨਾਂ ਵਿਚ ਪਾਣੀ ਨੂੰ ਸਾਂਭ ਕੇ ਰੱਖਣ ਦੀ ਸਮਰੱਥਾ ਦੀ ਘਾਟ ਕਾਰਨ ਝੋਨੇ/ਬਾਸਮਤੀ ਵਿਚ ਲੋਹੇ ਦੀ ਘਾਟ ਆ ਜਾਂਦੀ ਹੈ। ਪਾਣੀ ਨਾ ਖੜਨ ਕਰਕੇ ਨਦੀਨ ਨਾਸ਼ਕਾਂ ਦਾ ਅਸਰ ਵੀ ਘੱਟ ਹੁੰਦਾ ਹੈ। ਅਜਿਹੀਆਂ ਜ਼ਮੀਨਾਂ ਵਿਚ ਕਾਸ਼ਤ ਉੱਪਰ ਖਰਚ ਵੀ ਵੱਧ ਆਉਂਦਾ ਹੈ ਅਤੇ ਝਾੜ ਵੀ ਪੂਰਾ ਨਹੀਂ ਮਿਲਦਾ। ਇਸ ਲਈ ਹਲਕੀਆਂ ਜ਼ਮੀਨਾਂ ਵਿਚ ਝੋਨੇ ਦੇ ਬਦਲ ਵਜੋਂ ਕੋਈ ਹੋਰ ਫਸਲ ਦੀ ਕਾਸ਼ਤ ਕਰਕੇ ਵੀ ਲਾਭ ਕਮਾਇਆ ਜਾ ਸਕਦਾ ਹੈ।

**ਝੋਨੇ ਦੀ ਲੁਆਈ ਦੇ ਸਮੇਂ ਨਾਲ ਪਾਣੀ ਦੀ ਬੱਚਤ** : ਤਜਰਬਿਆਂ ਅਨੁਸਾਰ ਜੇਕਰ ਝੋਨੇ ਦੀ ਲੁਆਈ ਮਈ ਦੇ ਪਹਿਲੇ ਹਫਤੇ ਕੀਤੀ ਜਾਵੇ ਤਾਂ ਪਾਣੀ ਦਾ ਪੱਧਰ 70 ਸੈਂ. ਮੀ. ਦੀ ਦਰ ਨਾਲ ਹੇਠਾਂ ਜਾਂਦਾ ਹੈ। ਇਸੇ ਤਰ੍ਹਾਂ 20 ਮਈ ਅਤੇ 10 ਜੂਨ ਨੂੰ ਲਗਾਏ ਝੋਨੇ ਵਿਚ ਇਹ ਗਿਰਾਵਟ ਕ੍ਰਮਵਾਰ 50 ਸੈਂ. ਮੀ. ਅਤੇ 10 ਸੈਂ. ਮੀ. ਰਹਿ ਜਾਂਦੀ ਹੈ ਜਦ ਕਿ 15 ਜੂਨ ਤੋਂ ਬਾਅਦ ਝੋਨਾ ਲਗਾਉਣ ਨਾਲ ਪਾਣੀ ਵਿਚ ਗਿਰਾਵਟ ਨਾ-ਮਾਤਰ ਹੀ ਰਹਿ ਜਾਂਦੀ ਹੈ। ਇਸ ਲਈ ਝੋਨੇ ਦੀ ਲਵਾਈ 15 ਜੂਨ ਤੋਂ ਬਾਅਦ ਹੀ ਕਰੋ। ਝੋਨੇ ਦੀ ਸਿੱਧੀ ਬਿਜਾਈ ਜੂਨ ਮਹੀਨੇ ਵਿਚ ਕਰਨ ਨਾਲ 20 ਫੀਸਦੀ ਤੱਕ ਪਾਣੀ ਦੀ ਬੱਚਤ ਹੋ ਸਕਦੀ ਹੈ।

**ਮਾੜੇ ਪਾਣੀ ਨਾਲ ਝੋਨਾ ਨਾ ਉਗਾਓ** : ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ ਤੇ ਸੁਖਾਲਾ ਮੰਡੀਕਰਨ ਹੋਣ ਕਾਰਨ ਕਈ ਇਲਾਕਿਆਂ ਵਿਚ ਤਾਂ ਕਿਸਾਨਾਂ ਨੇ ਝੋਨੇ/ਬਾਸਮਤੀ ਨੂੰ ਟਿਊਬਵੈਲਾਂ ਦੇ ਮਾੜੇ ਪਾਣੀ ਨਾਲ ਵੀ ਲਾਉਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਇਕ ਚਿੰਤਾਜਨਕ ਰੁਝਾਨ ਹੈ। ਮਾੜੇ ਪਾਣੀ ਨਾਲ ਉਗਾਏ ਝੋਨੇ/ਬਾਸਮਤੀ ਤੋਂ ਪੂਰੇ ਪੈਸੇ ਲਾਕੇ ਵੀ ਅਸੀਂ ਪੂਰਾ ਝਾੜ ਨਹੀਂ ਲੈ ਸਕਦੇ।

**ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਹੀ ਬੀਜੋ** : ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ. 126, ਪੀ ਆਰ, 131 ਆਦਿ ਦੀ ਹੀ ਬਿਜਾਈ ਕਰੋ ਕਿਉਂਕਿ ਇਹਨਾਂ ਨੂੰ ਲੰਮੇ ਸਮੇਂ ਵਾਲੀਆਂ ਕਿਸਮਾਂ (ਪੂਸਾ 44/ਪੀਲੀ ਪੂਸਾ) ਨਾਲੋਂ 15-20% ਘੱਟ ਪਾਣੀਆਂ ਦੀ ਲੋੜ ਹੁੰਦੀ ਹੈ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਵਿਚ ਕੀਟਨਾਸ਼ਕਾਂ, ਮਜ਼ਦੂਰੀ ਅਤੇ ਪਾਣੀ ਦੀ ਬੱਚਤ ਹੋਣ ਕਾਰਨ ਚੰਗੀ ਆਮਦਨ ਹੋ ਜਾਂਦੀ ਹੈ। ਇਹਨਾਂ ਦਾ ਪਰਾਲ ਘੱਟ ਹੋਣ ਕਰਕੇ ਪਰਾਲ ਦਾ ਪ੍ਰਬੰਧ ਸੁਖਾਲਾ ਹੋ ਜਾਂਦਾ ਹੈ। ਇਹ ਖੇਤ ਨੂੰ ਜਲਦੀ ਵਿਹਲਾ ਕਰ ਦਿੰਦੀਆਂ ਹਨ ਜਿਸ ਨਾਲ ਕਣਕ ਦੀ ਬਿਜਾਈ ਵੀ ਸਮੇਂ ਸਿਰ ਹੋ ਜਾਂਦੀ ਹੈ ਅਤੇ ਝਾੜ ਵੀ ਵਧੀਆ ਨਿਕਲਦਾ ਹੈ।

**ਪਾਣੀ ਦੀ ਸੁਚੱਜੀ ਵਰਤੋਂ** : ਆਮ ਤੌਰ ਤੇ ਕਿਸਾਨ ਝੋਨੇ/ਬਾਸਮਤੀ ਦੀ ਲਵਾਈ ਤੋਂ ਲੈ ਕੇ ਇਸਦੇ ਪੱਕਣ ਤੱਕ ਖੇਤਾਂ ਵਿਚੋਂ ਪਾਣੀ ਸੁੱਕਣ ਨਹੀਂ ਦਿੰਦੇ ਤਾਂ ਕਿ ਝਾੜ ਨਾ ਘਟ ਜਾਵੇ। ਤਜਰਬਿਆਂ ਅਨੁਸਾਰ ਝੋਨੇ ਦੀ ਲਵਾਈ ਤੋਂ 15 ਦਿਨ ਬਾਅਦ ਤੱਕ ਪਾਣੀ ਲਗਾਤਾਰ ਜ਼ਮੀਨ ਵਿਚ ਖੜ੍ਹਾ ਰੱਖਣਾ ਚਾਹੀਦਾ ਹੈ ਅਤੇ ਇਸ ਤੋਂ ਬਾਅਦ ਪਾਣੀ ਪਹਿਲੇ ਪਾਣੀ ਦੇ ਜ਼ਮੀਨੀ ਸਤਹਿ ਵਿਚ ਜੀਰ ਜਾਣ ਤੋਂ ਦੋ ਦਿਨ ਬਾਅਦ ਲਾਉਣਾ ਚਾਹੀਦਾ ਹੈ। ਇਸ ਤਰ੍ਹਾਂ ਪਾਣੀ ਦੀ 20 ਤੋਂ 25 ਪ੍ਰਤੀਸ਼ਤ ਤੱਕ ਬੱਚਤ ਹੋ ਸਕਦੀ ਹੈ। ਅਖੀਰਲਾ ਪਾਣੀ ਫਸਲ ਪੱਕਣ ਤੋਂ 15 ਦਿਨ ਪਹਿਲਾਂ ਹੀ ਲਗਾਓ। ਇਸ ਨਾਲ ਪਾਣੀ ਦੀ ਬੱਚਤ ਹੋਣ ਦੇ ਨਾਲ-ਨਾਲ ਬਿਜਲੀ ਦੀ ਖੱਪਤ ਵੀ ਘਟਾਈ ਜਾ ਸਕਦੀ ਹੈ। ਇਸਦਾ ਝੋਨੇ ਦੇ ਝਾੜ ਤੇ ਵੀ ਮਾੜਾ ਅਸਰ ਨਹੀਂ ਪੈਂਦਾ।

**ਰਜ ਕੁਮਾਰ ਅਤੇ ਗੁਰਪ੍ਰੀਤ ਕੌਰ, ਇਕੋਨੋਮਿਕਸ ਐਂਡ ਸੋਸ਼ਿਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ** ਮੋ. 81460-96600

**ਜਗਦੀਸ਼ ਬਹਾਦਰਪੁਰੀ,**
**ਪਿੰਡ ਤੇ ਡਾਕ. ਬਹਾਦਰਪੁਰ,**
**ਤਹਿਸੀਲ ਤੇ ਜ਼ਿਲ੍ਹਾ**
**ਸੰਗਰੂਰ-148001**
ਮੋ. 94639-85934



## ਅਸਾਡੀ ਸਖਤ ਮਿੱਟੀ ਹੈ

ਅਸਾਡੀ ਸਖਤ ਮਿੱਟੀ ਹੈ ਕਦੇ ਵੀ ਭੁਰ ਨਹੀਂ ਸਕਦੇ।
ਅਸੀਂ ਫੌਲਾਦ ਵਰਗੇ ਹਾਂ ਕਦੇ ਵੀ ਖੁਰ ਨਹੀਂ ਸਕਦੇ॥
ਅਸੀਂ ਧਰਤੀ ਦੇ ਪੁੱਤਰ ਹਾਂ ਸ਼ਹਾਦਤ 'ਚੋਂ ਹੀ ਜੰਮੇ ਹਾਂ।
ਸਿਰਾਂ 'ਤੇ ਓਟ ਸਤਿਗੁਰ ਦੀ ਕਦੇ ਵੀ ਝੂਰ ਨਹੀਂ ਸਕਦੇ॥
ਤੇਰੀ ਹਰ ਸੋਚ ਕਪਟੀ ਹੈ ਸ਼ੈਤਾਨੀ ਖਿਆਲ ਨੇ ਸਾਰੇ।
ਅਸਾਡੀ ਸੋਚ ਦਰਿਆ ਦੀ ਕਿ ਮੋੜੇ ਮੁੜ ਨਹੀਂ ਸਕਦੇ॥
ਜਿਹੜੇ ਰਾਹਾਂ ਦਾ ਰਾਹੀ ਤੂੰ, ਉਹ ਰਾਹ ਨੇ ਕਤਲਗਾਹ ਵਰਗੇ।
ਅਸੀਂ ਜਿੰਦਗੀ ਦੇ ਆਸ਼ਿਕ ਹਾਂ ਉਹ ਰਾਹੀ ਤੁਰ ਨਹੀਂ ਸਕਦੇ॥
ਜੇ ਤੇਰੀ ਧੌਂਸ ਵੱਡੀ ਹੈ ਤਾਂ ਸਾਡੇ ਸਿਦਕ ਵੱਡੇ ਨੇ।
ਅਸੀਂ ਪਟਿਆਂ ਨੀਂ ਪੁੱਟੀਂਦੇ ਤੇ ਰੋਹੜੇ ਰੁੜ ਨਹੀ ਸਕਦੇ॥
ਸਾਡੇ ਸਹਿਜ, ਨੀਤਾਂ ਨੀਯਤਾਂ, ਸੰਸਕਾਰ ਵੱਡੇ ਨੇ।
ਲੰਗਰ ਬੇਅਥਾਹ ਸਾਡੇ ਕਦੇ ਵੀ ਥੁੜ ਨਹੀਂ ਸਕਦੇ॥
ਤੇਰੇ ਕੋਲ ਤਾਕਤਾਂ ਨੇ, ਦੌਲਤਾਂ ਨੇ ਤੇ ਹਕੂਮਤ ਹੈ।
ਸਾਡੇ ਕੋਲ ਨੇ ਇਹ ਸਿਰ ਜੋ ਪਿੱਛੇ ਮੁੜ ਨਹੀਂ ਸਕਦੇ॥

★★★

## ਕਵਿਤਾ ਗੰਨੇ ਪੀੜਨਾ

ਵਾਰੀ ਸਿਰ ਅਸੀਂ ਗੰਨੇ ਪੀੜੇ।
ਕੰਮ ਹੋ ਗਏ ਦੂਹਰੇ ਤੀਰੇ।
ਖੇਤਾਂ 'ਚ ਲੋਕ ਇਕੱਠੇ ਹੋਏ।
ਗੰਨੇ ਛਿਲੇ ਅਸੀਂ ਬਹੁਤ ਨਰੋਏ।
ਬੇੜਾਂ ਰੱਸੇ ਸਭ ਬਾਪੂ ਦਿੱਤੇ।
ਭਰੀ ਬੰਨਣ ਲਾਏ ਕਾਮੇ ਕਿੱਤੇ।
ਵਾਰੋ ਵਾਰੀ ਗੱਡਾ ਭਰਿਆ।
ਇਹ ਪੂਲਾ ਗੱਡੇ ਤੇ ਧਰਿਆ।
ਤਿੱਖੜੀ ਗੱਡੇ ਅੱਗੇ ਜੋੜੀ।
ਬੋਤਾ ਅੱਗੇ ਲੱਗਿਆ ਮੋਹਰੀ।
ਰਹੁ ਪਾਇਆ ਵਿਚ ਕੜਾਹੇ।
ਹੇਠਾਂ ਅੱਗ ਬਾਪ ਮਚਾਈ ਜਾਵੇ।
(ਪਤ) ਆਈ ਤੋਂ ਗੰਡ ਪਾਈ।
ਥਾਪੀਆਂ ਵੀ ਚੰਡ ਦੇ ਬਨਾਈ।
ਬੱਚੇ ਗੁੜ ਖਾਈਂ ਜਾਵਨ।
ਬੋਹੜ ਦੇ ਪੱਤੇ ਵਰਤੀ ਜਾਵਨ।
ਆ ਵੇਲਨੇ ਸ਼ਰਾਬੀ ਠੱਣ ਕੇ ਰਹੁ ਦਾ ਪੀਵਣ ਗਲਾਸ ਭਰ ਕੇ।
ਬਾਪ ਕਹੇ ਜਗਜੀਤ ਸਿੰਘਾਂ। ਕੰਮ ਇਹਨਾਂ ਦਾ ਨਹੀਂ ਚੰਗਾ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249



ਤਸਵਿੰਦਰ ਸਿੰਘ ਬੜੈਚ,
ਪਿੰਡ ਦੀਵਾਲਾ, ਤਹਿਸੀਲ
ਸਮਰਾਲਾ, ਜਿਲ੍ਹਾ ਲੁਧਿਆਣਾ
(ਮੋ. 7527931887)

# ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਚਮਕੌਰ ਸਾਹਿਬ

ਮੁਕੱਦਸ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਉਹ ਯਾਦਗਰੀ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਪੰਜ ਪਿਆਰਿਆਂ ਸਮੇਤ ਲਗਭਗ ਚਾਲੀ ਸਿੰਘਾਂ ਨਾਲ ਰੋਪੜ, ਭੱਠਾ ਸਾਹਿਬ, ਬਾਹਮਣ ਮਾਜਰਾ, ਸਿੰਘ, ਭਗਵੰਤ ਪੁਰ, ਪਿੰਡ ਬੁਰਮਾਜਰਾ ਤੇ ਦੁਗਰੀ ਪਿੰਡਾਂ ਵਿਚੋਂ ਦੀ ਹੁੰਦੇ ਹੋਏ 7 ਪੋਹ 1761 ਸੰਮਤ ਸ਼ਾਮ ਨੂੰ ਚਮਕੌਰ ਸਾਹਿਬ ਦੇ ਇਸ ਅਸਥਾਨ 'ਤੇ ਪੁੱਜੇ ਸਨ ਤੇ ਥੋੜ੍ਹਾ ਸਮਾਂ ਵਿਸ਼ਰਾਮ ਕੀਤਾ ਸੀ । ਇਸ ਥਾਂ 'ਤੇ ਉਸ ਸਮੇਂ ਸਥਾਨਿਕ ਜ਼ਿਮੀਂਦਾਰ ਰਾਏ ਜਗਤ ਸਿੰਘ ਦਾ ਇਕ ਹਰਾ-ਭਰਾ ਬਾਗ ਹੋਇਆ ਕਰਦਾ ਸੀ । ਇਸੇ ਸਥਾਨ ਤੋਂ ਸਤਿਗੁਰਾਂ ਨੇ ਪੰਜ ਸਿੰਘ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੇ ਮਾਲਕ ਰਾਇ ਜਗਤ ਸਿੰਘ ਪਾਸ ਭੇਜੇ ਸਨ ਤਾਂ ਕਿ ਉਹ ਉਹਨਾਂ ਨੂੰ ਕੱਚੀ ਗੜ੍ਹੀ ਵਿਚ ਨਿਵਾਸ ਕਰਨ ਦੀ ਆਗਿਆ ਦੇਵੇ । ਸਿੰਘਾਂ ਨੇ ਜਾ ਕੇ ਰਾਏ ਜਗਤ ਸਿੰਘ ਨੂੰ ਦਸਮ ਪਾਤਸ਼ਾਹ ਜੀ ਦਾ ਸੰਦੇਸ਼ ਦਿੱਤਾ ਸੀ ਤੇ ਕਿਹਾ ਸੀ ਕਿ ਗੁਰੂ ਸਾਹਿਬ ਨਗਰੋਂ ਬਾਹਰ ਇੱਕ ਬਾਗ ਵਿਚ ਬਿਰਾਜਮਾਨ ਹਨ, ਉਹਨਾਂ ਨਾਲ ਜਾ ਕੇ ਗੱਲ ਕਰ ਲਓ । ਰਾਇ ਜਗਤ ਸਿੰਘ ਮੁਗਲ ਸੈਨਾ ਤੋਂ ਡਰ ਗਿਆ । ਉਸਨੇ ਟਾਲ ਮਟੋਲ ਕੀਤਾ ਤੇ ਸਿੰਘਾਂ ਨੂੰ ਕਿਹਾ ਕਿ ਮੇਰੇ ਪਾਸ ਗੁਰੂ ਜੀ ਨੂੰ ਭੇਟਾ ਦੇਣ ਲਈ ਕੁਝ ਨਹੀਂ ਹੈ, ਇਸ ਲਈ ਮੈਂ ਗੁਰੂ ਸਾਹਿਬ ਜੀ ਵੀ ਸੇਵਾ ਵਿਚ ਹਾਜ਼ਿਰ ਹੋਣ ਤੋਂ ਅਸਮਰਥ ਹਾਂ । ਸਿੰਘਾਂ ਨੇ ਇਹ ਗੱਲ ਗੁਰੂ ਸਾਹਿਬ ਨੂੰ ਦੱਸੀ । ਗੁਰੂ ਸਾਹਿਬ ਨੇ ਇਕ ਸਿੰਘ ਨੂੰ ਮੋਹਰਾਂ ਦੇ ਕੇ ਰਾਇ ਜਗਤ ਸਿੰਘ ਵੱਲ ਭੇਜਿਆ ਕਿਉਂਕਿ ਉਸ ਸੰਕਟਮਈ ਸਮੇਂ 'ਚ ਇਸ ਨਿਵਾਸ ਦੀ ਬਹੁਤ ਲੋੜ ਸੀ, ਜਿਸ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਉਸ ਨੂੰ ਮੂੰਹ ਮੰਗਿਆ ਮੁੱਲ ਦੇਣ ਲਈ ਤਿਆਰ ਸਨ । ਪਰ ਜਗਤ ਸਿੰਘ ਨੇ ਕੱਚੀ ਗੜ੍ਹੀ ਦੇਣ ਤੋਂ ਫੇਰ ਵੀ ਇਨਕਾਰ ਕਰ ਦਿੱਤਾ । ਫਿਰ ਉਸ ਸਿੰਘ ਨੇ ਰਾਇ ਜਗਤ ਸਿੰਘ ਦੇ ਛੋਟੇ ਭਰਾ ਰੂਪ ਚੰਦ ਨੂੰ ਗੜ੍ਹੀ ਦੇਣ ਲਈ ਪ੍ਰੇਰਿਤ ਕੀਤਾ । ਰੂਪ ਚੰਦ ਨੇ 50 ਮੋਹਰਾਂ ਲੈ ਕੇ ਕੱਚੀ ਗੜ੍ਹੀ ਵਿਚੋਂ ਆਪਣਾ ਹਿੱਸਾ ਦੇਣਾ ਪ੍ਰਵਾਨ ਕਰ ਲਿਆ । ਉਸ ਦੀ ਸਹਿਮਤੀ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਤੇ 40 ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਪ੍ਰਵੇਸ਼ ਕੀਤਾ । ਇਹ ਗੁਰਦੁਆਰਾ (ਦਮਦਮਾ ਸਾਹਿਬ) ਚਮਕੌਰ ਸਾਹਿਬ ਦੀ ਸੰਘਣੀ ਆਬਾਦੀ 'ਚ ਸੁਸ਼ੋਭਿਤ ਹੈ ਤੇ ਦਸਵੇਂ ਪਾਤਸ਼ਾਹ ਹੀ ਦੇ ਦੁਖਾਂਤਕ ਸਮੇਂ ਦੀ ਯਾਦ ਨਾਲ ਜੁੜਿਆ ਹੋਇਆ ਹੈ । ਇਹ ਗੁਰਦੁਆਰਾ ਸਾਹਿਬ ਦਾ ਮੁੱਖ ਦਰਵਾਜ਼ਾ ਬਾਜ਼ਾਰ ਵੱਲ ਖੁੱਲ੍ਹਦਾ ਹੈ । ਇਸ ਅਸਥਾਨ 'ਤੇ ਸਭ ਤੋਂ ਪਹਿਲੀ ਇਮਾਰਤ ਧਰਮ ਸਿੰਘ ਠੇਕੇਦਾਰ ਦਿੱਲੀ ਵਾਲਿਆਂ ਨੇ ਬਣਾਈ ਸੀ । ਫਿਰ ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਨੇ ਸੰਨ 1963-64 ਵਿਚ ਵੱਡੀ ਇਮਾਰਤ ਬਣਾਈ । ਪਰ ਅੱਜਕਲ੍ਹ ਜੋ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦਿਖਾਈ ਦਿੰਦੀ ਹੈ, ਇਸ ਦੇ ਸੇਵਾ ਬਾਬਾ ਹਰਬੰਸ ਸਿੰਘ ਕਾਰ ਸੇਵਾ, ਦਿੱਲੀ ਵਾਲਿਆਂ ਨੇ ਕਰਵਾਈ ਹੈ । ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ । ਦੂਰੋਂ-ਦੂਰੋਂ ਸੰਗਤਾਂ ਆ ਕੇ ਇਸ ਇਤਿਹਾਸਕ ਅਸਥਾਨ 'ਤੇ ਨਤਮਸਤਕ ਹੁੰਦੀ ਹੈ ਤੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ।

--------- ਬਾਕੀ ਸਫਾ 3 ਦੀ ---------

# ਜੁਲਾਈ ਮਹੀਨੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਪੂਰੀ ਕਰੋ

ਤਿਆਰ ਹੋ ਜਾਂਦੀ ਹੈ ਅਤੇ ਚਾਰ ਕੁਇੰਟਲ ਪ੍ਰਤੀ ਏਕੜ ਤੋਂ ਵੱਧ ਝਾੜ ਦਿੰਦੀ ਹੈ । ਇਸ ਦਾ ਬੀਜ ਵੀ 8 ਕਿਲੋ ਪ੍ਰਤੀ ਏਕੜ ਪਾਵੋ । ਉੱਚੀਆਂ ਥਾਵਾਂ ਉੱਤੇ ਮੱਕੀ ਅਤੇ ਦਾਲਾਂ ਦੀ ਖੇਤੀ ਕਰੋ ।

ਪੰਜਾਬ ਸੰਸਾਰ ਦੇ ਉਨ੍ਹਾਂ ਕੁਝ ਕੁ ਖਿੱਤਿਆਂ ਵਿਚੋਂ ਹੈ ਜਿੱਥੇ ਬਾਸਮਤੀ ਦੀ



ਸਫਲ ਕਾਸ਼ਤ ਕੀਤੀ ਜਾ ਸਕਦੀ ਹੈ । ਪੰਜਾਬ ਮੁੱਢ ਕਦੀਮ ਤੋਂ ਹੀ ਬਾਸਮਤੀ ਦੀ ਕਾਸ਼ਤ ਕਰਦੇ ਆ ਰਹੇ ਹਨ । ਕੋਈ ਵੀ ਸਮਾਗਮ ਜਾਂ ਧਾਰਮਿਕ ਰਸਮ ਚੌਲਾਂ ਬਗੈਰ ਅਧੂਰੀ ਹੈ । ਇਥੋਂ ਤਕ ਆਖਿਆ ਜਾਂਦਾ ਹੈ :

> ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ
> ਰੱਬ ਨੇ ਮਿਲਾਈਆਂ ਜੋੜੀਆਂ ।

ਇਸ ਸਮੇਂ ਪਾਕਿਸਤਾਨੀ ਪੰਜਾਬ ਦੀ ਬਾਸਮਤੀ ਵਿਸ਼ਵ ਮੰਡੀ ਵਿਚ ਪਹਿਲੇ ਨੰਬਰ ਉੱਤੇ ਹੈ । ਇਸ ਪਾਸੇ ਵੀ ਬਾਸਮਤੀ ਹੇਠ ਰਕਬੇ ਵਿਚ ਵਾਧਾ ਕੀਤਾ ਜਾ ਸਕਦਾ ਹੈ । ਇੰਝ ਪਾਣੀ ਦੀ ਵੀ ਬਚਤ ਹੋ ਜਾਵੇਗੀ । ਕਿਉਂਕਿ ਬਾਸਮਤੀ ਦੀ ਲੁਆਈ ਜੁਲਾਈ ਵਿਚ ਕੀਤੀ ਜਾਂਦੀ ਹੈ । ਪਿਛਲੇ ਸਾਲ ਪੰਜਾਬ ਵਿਚ 406000 ਹੈਕਟੇਅਰ ਵਿਚ ਇਸ ਦੀ ਕਾਸ਼ਤ ਕੀਤੀ ਗਈ । ਘੱਟੋ-ਘੱਟ ਪੰਜ ਲੱਖ ਹੈਕਟੇਅਰ ਧਰਤੀ ਵਿਚ ਬਾਸਮਤੀ ਦੀ ਕਾਸ਼ਤ ਹੋ ਸਕਦੀ ਹੈ । ਪੰਜਾਬ ਬਾਸਮਤੀ 7 ਪੱਕਣ ਵਿਚ 100 ਦਿਨ ਲੈਂਦੀ ਹੈ ਅਤੇ ਇਸ ਦਾ ਝਾੜ ਸਾਰੀਆਂ ਕਿਸਮਾਂ ਨਾਲੋਂ ਵੱਧ 19 ਕੁਇੰਟਲ ਪ੍ਰਤੀ ਏਕੜ ਹੈ । ਇਸ ਵਿਚ ਰਵਾਇਤੀ ਕਿਸਮਾਂ ਵਾਲੀ ਸੁਗੰਧ ਵੀ ਹੈ ਅਤੇ ਬਿਮਾਰੀਆਂ ਦਾ ਟਾਕਰਾ ਵੀ ਕਰ ਸਕਦੀ ਹੈ ।

ਜੇਕਰ ਚਾਰੇ ਦੀ ਬਿਜਾਈ ਨਹੀਂ ਕੀਤੀ ਤਾਂ ਹੁਣ ਕਰ ਲਵੋ । ਮੱਕੀ, ਚਰ੍ਹੀ ਅਤੇ ਬਾਜਰਾ ਸਾਉਣੀ ਦੇ ਮੁੱਖ ਚਾਰੇ ਹਨ । ਜੇਕਰ ਇਨ੍ਹਾਂ ਵਿਚ ਰਵਾਂਹ ਰਲਾ ਕੇ ਬੀਜ ਦਿੱਤੇ ਜਾਣ ਤਾਂ ਚਾਰਾ ਵਧੇਰੇ ਪੌਸ਼ਟਿਕ ਹੋ ਜਾਂਦਾ ਹੈ । ਮੱਕੀ ਦੀ ਜੇ-1006, ਜੇ 1007 ਅਤੇ ਜੇ-1008 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ । ਇਨ੍ਹਾਂ ਦਾ ਬੀਜ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ । ਜੇਕਰ ਬੀਜ ਨਾ ਮਿਲੇ ਤਾਂ ਪ੍ਰਭਾਤ ਜਾਂ ਕੇਸਰੀ ਨੂੰ ਵੀ ਬੀਜਿਆ ਜਾ ਸਕਦਾ ਹੈ । ਇਕ ਏਕੜ ਵਿਚ 30 ਕਿਲੋ ਬੀਜ ਪਾਵੋ । ਐਸ ਐਲ 46 ਅਤੇ ਐਸ ਐਲ 45 ਜੁਆਰ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ । ਇਕ ਏਕੜ ਵਿਚ 25 ਕਿਲੋ ਬੀਜ ਪਾਵੋ । ਪੀ ਸੀ ਬੀ 165, ਪੀ ਸੀ ਬੀ 164 ਅਤੇ ਐਫ ਬੀ ਸੀ 16 ਬਾਜਰੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ । ਇਸ ਦਾ ਅੱਠ ਕਿਲੋ ਬੀਜ ਪ੍ਰਤੀ ਏਕੜ ਪਾਵੋ । ਸਾਰੀਆਂ ਫਸਲਾਂ ਨੂੰ ਖੇਤ ਤਿਆਰ ਕਰਨ ਤੋਂ ਪਹਿਲਾਂ ਜੇਕਰ ਹੋ ਸਕੇ ਤਾਂ ਰੂੜੀ ਦੀ ਖਾਦ ਜਰੂਰ ਪਾਈ ਜਾਵੇ ।

ਗਰਮੀਆਂ ਦੀਆਂ ਸਬਜ਼ੀਆਂ ਦੀ ਹੁਣ ਵੀ ਬਿਜਾਈ ਕੀਤੀ ਜਾ ਸਕਦੀ ਹੈ । ਘੀਆ, ਕੱਦੂ, ਹਲਵਾ ਕੱਦੂ, ਕਾਲੀ ਤੋਰੀ, ਕਰੇਲਾ, ਟੀਂਡਾ ਅਤੇ ਭਿੰਡੀ ਦੀ ਬਰਸਾਤੀ ਫਸਲ ਦੀ ਬਿਜਾਈ ਹੁਣ ਕਰੋ । ਪੰਜਾਬ ਬਹਾਰ, ਪੰਜਾਬ ਬਰਕਤ, ਪੰਜਾਬ ਲੌਂਗ ਅਤੇ ਪੰਜਾਬ ਕੋਮਲ ਘੀਆ ਕੱਦੂ ਦੀਆਂ ਸੁਧਰੀਆਂ ਕਿਸਮਾਂ ਹਨ । ਇਨ੍ਹਾਂ ਦੀ ਕਾਸ਼ਤ ਲਈ ਖੇਲਾਂ ਵਿਚਕਾਰ ਦੋ ਮੀਟਰ ਅਤੇ ਬੂਟਿਆਂ ਵਿਚਕਾਰ 50 ਸੈ. ਮੀਟਰ ਦਾ ਫਾਸਲਾ ਰੱਖਿਆ ਜਾਵੇ । ਪੰਜਾਬ ਕਰੇਲਾ-15, ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲੀ-1 ਅਤੇ ਪੰਜਾਬ-14 ਕਰੇਲੇ ਦੀਆਂ ਕਿਸਮਾਂ ਹਨ । ਕਰੇਲੇ ਲਈ ਖੇਲਾਂ ਵਿਚਕਾਰ ਡੇਢ ਮੀਟਰ ਅਤੇ ਬੂਟਿਆਂ ਵਿਚਕਾਰ 45 ਸੈ. ਮੀਟਰ ਦਾ ਫਾਸਲਾ ਚਾਹੀਦਾ ਹੈ । ਕਾਲੀ ਤੋਰੀ ਲਈ ਖੇਲਾਂ ਵਿਚਕਾਰ ਫਾਸਲਾ ਤਿੰਨ ਮੀਟਰ ਰੱਖਣ ਦੀ ਸਿਫਾਰਸ਼ ਹੈ । ਪੰਜਾਬ ਨਿਖਾਰ ਸਿਫਾਰਸ਼ ਕੀਤੀ ਕਿਸਮ ਹੈ । ਇਸ ਦਾ ਇਕ ਏਕੜ ਵਿਚ ਦੋ ਕਿਲੋ ਬੀਜ ਪਾਵੋ । ਪੀ ਪੀ ਐਚ-1 ਅਤੇ ਪੰਜਾਬ ਨਵਾਬ ਹਲਵਾ ਕੱਦੂ ਦੀਆਂ ਕਿਸਮਾਂ ਹਨ । ਇਕ ਏਕੜ ਲਈ ਇਕ ਕਿਲੋ ਬੀਜ ਦੀ ਲੋੜ ਹੈ । ਪੰਜਾਬ ਟੀਂਡਾ-1 ਅਤੇ ਟੀਂਡਾ 48 ਟੀਂਡੇ ਦੀਆਂ ਕਿਸਮਾਂ ਹਨ । ਇਕ ਏਕੜ ਲਈ ਡੇਢ ਕਿਲੋ ਬੀਜ ਕਾਫੀ ਹੈ ।

ਭਿੰਡੀ ਗਰਮੀਆਂ ਦੀ ਇਕ ਹੋਰ ਮੁੱਖ ਸਬਜ਼ੀ ਹੈ । ਪੰਜਾਬ ਸੁਹਾਵਣੀ, ਪੰਜਾਬ-8, ਪੰਜਾਬ-7, ਪੰਜਾਬ ਲਾਲਿਮਾ ਅਤੇ ਪੰਜਾਬ ਪਦਮਨੀ ਕਿਸਮਾਂ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ । ਇਕ





ਏਕੜ ਲਈ ਛੇ ਕਿਲੋ ਬੀਜ ਚਾਹੀਦਾ ਹੈ । ਬੀਜਣ ਤੋਂ ਪਹਿਲਾਂ ਬੀਜ ਨੂੰ 24 ਘੰਟਿਆਂ ਲਈ ਭਿਉਂ ਕੇ ਰੱਖਿਆ ਜਾਵੇ । ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ । ਚੰਗੀ ਫਸਲ ਇਕ ਏਕੜ ਵਿਚ ਕੋਈ 50 ਕੁਇੰਟਲ ਤੱਕ ਭਿੰਡੀਆਂ ਦੇ ਦਿੰਦੀ ਹੈ । ਬਿਜਾਈ ਤੋਂ ਕੋਈ ਦੋ ਮਹੀਨਿਆਂ ਪਿਛੋਂ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ । ਲੋਬੀਆ ਦੀਆਂ ਫਲੀਆਂ ਵੀ ਸਬਜ਼ੀ ਲਈ ਵਰਤੀਆਂ ਜਾਂਦੀਆਂ ਹਨ । ਕਾਉਪੀਜ 263 ਅਤੇ ਕਾਉਪੀਜ਼ 88 ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ । ਇਨ੍ਹਾਂ ਕਿਸਮਾਂ ਤੋਂ ਇਕ ਏਕੜ ਵਿਚੋਂ ਕੋਈ 35 ਕੁਇੰਟਲ ਹਰੀਆਂ ਫਲੀਆਂ ਪ੍ਰਾਪਤ ਹੋ ਜਾਂਦੀਆਂ ਹਨ । ਬਿਜਾਈ ਕਰਦੇ ਸਮੇਂ ਲਾਈਨਾ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ । ਇਕ ਏਕੜ ਲਈ 10 ਕਿਲੋ ਬੀਜ ਪਾਵੋ । ਹਮੇਸ਼ਾਂ ਪੰਜਾਬ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਹੀ ਕਾਸ਼ਤ ਕਰੋ । ਜੇਕਰ ਝੋਨੇ ਦੀ ਲੁਆਈ ਨਹੀਂ ਕੀਤੀ ਤਾਂ ਪਹਿਲੇ ਹਫਤੇ ਪੂਰੀ ਕਰੋ । ਘਟ ਸਮਾਂ ਲੈਣ ਵਾਲੀਆਂ ਕਿਸਮਾਂ ਪੀ ਆਰ 126 ਅਤੇ ਪੀ ਆਰ 130 ਦੀ ਲੁਆਈ ਕਰੋ । ਸਾਰੀਆਂ ਫਸਲਾਂ ਦੀ ਬਿਜਾਈ ਇਸ ਮਹੀਨੇ ਪੂਰੀ ਕਰੋ ।




**ਜਰਨਲ ਆਫ ਗਲੋਬਲ ਹੈਲਥ ਵਿਚ ਪ੍ਰਕਾਸ਼ਿਤ ਪੇਪਰਾਂ ਦੇ ਇਕ ਨਵੇਂ ਸੰਗ੍ਰਹਿ ਅਨੁਸਾਰ, ਗਰਭਵਤੀ ਔਰਤਾਂ, ਨਵਜੰਮੇ ਬੱਚੇ, ਬੱਚੇ, ਕਿਸ਼ੋਰ ਅਤੇ ਬਜ਼ੁਰਗ ਲੋਕ ਜਲਵਾਯੂ ਪਰਿਵਰਤਨ ਕਾਰਨ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਫਿਰ ਵੀ ਇਨ੍ਹਾਂ ਸਮੂਹਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ 'ਚ ਛਪੇ ਲੇਖ ਜੀਵਨ ਵਿਚ ਮੁੱਖ ਪੜਾਵਾਂ 'ਤੇ ਵੱਖ-ਵੱਖ ਜਲਵਾਯੂ ਖਤਰਿਆਂ ਦਾ ਸਿਹਤ 'ਤੇ ਪਏ ਅਸਰਾਂ ਅਤੇ ਉਪਲੱਬਧ ਵਿਗਿਆਨਕ ਸਬੂਤਾਂ ਦਾ ਦਸਤਾਵੇਜ਼ੀਕਰਨ ਕਰਦੇ ਹਨ।**

ਸੁਰਜੀਤ ਸਿੰਘ ਫਲੋਰਾ
647-829-9397

### ਜਲਵਾਯੂ ਤਬਦੀਲੀ ਸਿਹਤ ਲਈ ਖਤਰਾ

ਇਨ੍ਹਾਂ ਲੇਖਾਂ 'ਚ ਗਰਮੀ ਦੀਆਂ ਲਹਿਰਾਂ ਤੋਂ ਲੈ ਕੇ ਹਵਾ ਪ੍ਰਦੂਸ਼ਣ ਅਤੇ ਜੰਗਲੀ ਅੱਗ ਅਤੇ ਹੜ੍ਹ ਵਰਗੀਆਂ ਕੁਦਰਤੀ ਆਫਤਾਂ ਤੱਕ ਦਾ ਵਰਨਣ ਹੈ ਪਰ ਛੋਟੇ ਅਤੇ ਬਜ਼ੁਰਗ ਲੋਕਾਂ ਲਈ ਅਤੇ ਗਰਭ ਅਵਸਥਾ ਦੌਰਾਨ, ਗੰਭੀਰ ਜਾਨਲੇਵਾ ਪ੍ਰਭਾਵਾਂ ਦੇ ਨਾਲ, ਜਲਵਾਯੂ ਸਬੰਧੀ ਸਿਹਤ ਜੋਖਮਾਂ ਨੂੰ ਮਹੱਤਵਪੂਰਨ ਤੌਰ 'ਤੇ ਘੱਟ ਸਮਝਿਆ ਗਿਆ ਹੈ। ਜਿਸ ਲਈ ਲੋਕਾਂ ਨੂੰ ਭਾਰੀ ਕੀਮਤ ਦਾ ਭੁਗਤਾਨ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰ ਕੇ ਕਰਨਾ ਪੈ ਰਿਹਾ ਹੈ। ਉਦਾਹਰਨ ਵਜੋਂ ਲੈਂਦੇ ਹੋਏ, ਲੇਖ ਵਿਚ ਦਰਸਾਇਆ ਹੈ ਕਿ ਸਮੇਂ ਤੋਂ ਪਹਿਲਾਂ ਜਨਮ, ਬਚਪਨ 'ਚ ਹੁੰਦੀਆਂ ਮੌਤਾਂ ਦਾ ਮੁੱਖ ਕਾਰਨ ਗਰਮੀ ਦੀਆਂ ਲਹਿਰਾਂ ਦਾ ਵਧਣਾ ਹੈ, ਜਦੋਂ ਕਿ ਬਜ਼ੁਰਗ ਲੋਕਾਂ ਨੂੰ ਦਿਨ ਦੇ ਦੌਰੇ ਜਾਂ ਸਾਹ ਲੈਣ ਵਿਚ ਤਕਲੀਫ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। 23.9 ਡਿਗਰੀ ਸੈਲਸੀਅਸ ਤੋਂ ਵੱਧ ਰੋਜ਼ਾਨਾ ਘੱਟੋ-ਘੱਟ ਤਾਪਮਾਨ ਵਿਚ ਹਰੇਕ ਵਾਧੂ ਇਕ ਡਿਗਰੀ ਸੈਲਸੀਅਸ (1 ਡਿਗਰੀ ਸੈਲਸੀਅਸ) ਬਾਲ ਮੌਤ ਦੇ ਜੋਖਮ ਨੂੰ 22.4 ਪ੍ਰਤੀਸ਼ਤ ਤੱਕ ਵਧਾਉਂਦਾ ਦਿਖਾਇਆ ਗਿਆ ਹੈ। ਇਹ ਅਧਿਐਨ ਸਪੱਸ਼ਟ ਕੌਰ 'ਤੇ ਦਰਸਾਉਂਦੇ ਹਨ ਕਿ ਜਲਵਾਯੂ ਪਰਿਵਰਤਨ ਬਹੁਤ ਵੱਡੀ ਵੱਡੀ ਪੱਧਰ 'ਤੇ ਸਿਹਤ ਲਈ ਖਤਰਾ ਪੈਦਾ ਕਰ ਰਹੇ ਹਨ, ਅਤੇ ਇਹ ਕਿ ਕੁਝ ਆਬਾਦੀ ਪਹਿਲਾਂ ਹੀ ਭਾਰੀ ਕੀਮਤ ਅਦਾ



ਕਰ ਰਹੀ ਹੈ।

### ਸਰੀਰਕ ਤੇ ਮਾਨਸਿਕ ਸਿਹਤ 'ਤੇ ਪ੍ਰਭਾਵ

ਡਾ. ਅੰਜੂ ਬੈਨਰਜੀ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਕ ਨੇ ਕਿਹਾ ਕਿ ਜਦੋਂ ਜਲਵਾਯੂ ਪਰਿਵਰਤਨ ਬਾਰੇ ਜਾਗਰੂਕਤਾ ਵਧੀ ਹੈ, ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਕਾਰਵਾਈਆਂ ਨੇ ਮੁਸ਼ਕਿਲ ਨਾਲ ਉਸ ਚੀਜ਼ ਦੀ ਸਤ੍ਹਾ ਨੂੰ ਖੁਰਚਿਆ ਹੈ ਜਿਸ ਦੀ ਲੋੜ ਹੈ। ਉਸਨੇ ਅਗੇ ਕਿਹਾ ਜਲਵਾਯੂ ਨਿਆਂ ਦੀ ਪ੍ਰਾਪਤੀ ਲਈ, ਇਸ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਡਬਲਿਊ ਐਸ ਓ ਦੇ ਮਾਹਿਰਾਂ ਅਤੇ ਦੁਨੀਆਂ ਭਰ ਦੇ ਅਕਾਦਮਿਕਾਂ ਦੁਆਰਾ ਲਿਖੇ ਗਏ, ਕਲਾਈਮੇਟ ਚੇਂਜ ਐਕਰੋਸ ਦਿ ਲਾਈਫ ਕੋਰਸ ਸਿਰਲੇਖ ਵਾਲਾ ਸੰਗ੍ਰਹਿ, ਵੱਖ-ਵੱਖ ਜਲਵਾਯੂ ਖਤਰਿਆਂ ਕਾਰਨ ਪੈਦਾ ਹੋਣ ਵਾਲੇ ਖਾਸ ਸਰੀਰਕ ਅਤੇ ਮਾਨਸਿਕ ਸਿਹਤ ਪ੍ਰਭਾਵਾਂ ਵੀ ਰਿਪੋਰਟ ਕਰਦਾ ਹੈ।

### ਉਚ ਤਾਪਮਾਨ ਦਿੰਦਾ ਜਾਨਲੇਵਾ ਰੋਗਾਂ ਨੂੰ ਸੱਦਾ

ਉਚ ਤਾਪਮਾਨ ਦੇ ਮੜੇ ਨਤੀਜਿਆਂ 'ਚ ਅਚਨਚੇਤੀ ਜਨਮ ਅਤੇ ਮਰੇ ਹੋਏ ਬੱਚੇ ਦਾ ਜਨਮ, ਨਾਲ ਹੀ ਗਰਭ ਅਵਸਥਾ ਵਿਚ ਹਾਈਪਰਟੈਨਸ਼ਨ ਅਤੇ ਗਰਭਕਾਲੀ ਸ਼ੂਗਰ ਸ਼ਾਮਲ ਹਨ। ਗਰਮੀ ਦੀਆਂ ਲਹਿਰਾਂ ਬੋਧਾਤਮਕ ਕਾਰਜਾਂ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ, ਇਸ ਲਈ, ਬੱਚਿਆਂ ਅਤੇ ਕਿਸ਼ੋਰਾਂ ਲਈ ਸਿੱਖਣ ਨੂੰ ਪ੍ਰਭਾਵਤ ਕਰਦੀਆਂ ਹਨ, ਜਦੋਂ ਕਿ ਬਜ਼ੁਰਗ ਲੋਕਾਂ ਵਿਚ ਦਿਲ ਦੇ ਦੌਰੇ ਅਤੇ ਸਾਹ ਦੀਆਂ ਜਟਿਲਤਾਵਾਂ ਵਧਦੀਆਂ ਹਨ। ਨਾਲ ਹੀ ਵਾਤਾਵਰਣ ਦਾ ਪ੍ਰਦੂਸ਼ਣ ਗਰਭ ਅਵਸਥਾ ਦੌਰਾਨ ਹਾਈ ਬਲੱਡ ਪ੍ਰੈਸ਼ਰ, ਘੱਟ ਜਨਮ ਵਜ਼ਨ, ਸਮੇਂ ਤੋਂ ਪਹਿਲਾਂ ਜਨਮ, ਅਤੇ ਭਰੂਣ ਦੇ ਦਿਮਾਗ ਅਤੇ ਫੇਫੜਿਆਂ ਦੇ ਵਿਕਾਸ ਤੇ ਨਾਂਹ-ਪੱਖੀ ਪ੍ਰਭਾਵਾਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਹ ਬੱਚਿਆਂ ਅਤੇ ਬਜ਼ੁਰਗ ਲੋਕਾਂ ਵਿਚ ਸਾਹ ਦੀ ਬਿਮਾਰੀ ਦੇ ਜੋਖਮ ਨੂੰ ਵਧਾਉਂਦਾ ਹੈ, ਜਿਨ੍ਹਾਂ ਨੂੰ ਕੈਂਸਰ, ਕਾਰਡੀਓਵੈਸਕੁਲਰ ਬਿਮਾਰੀ ਅਤੇ ਨਮੂਨੀਆ ਦੇ ਵਧੇਰੇ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਜਲਵਾਯੂ-ਸਬੰਧਤ ਕੁਦਰਤੀ ਆਫਤਾਂ ਦਾ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਅਹਿਮ ਪ੍ਰਭਾਵ ਪੈਂਦਾ ਹੈ, ਹੜ੍ਹ ਅਤੇ ਸੋਕਾ ਸੁਰੱਖਿਅਤ ਪਾਣੀ ਅਤੇ ਭੋਜਨ ਸਪਲਾਈ ਤੱਕ ਪਹੁੰਚ ਨੂੰ ਘਟਾਉਂਦਾ ਹੈ। ਦਸਤ ਦੀਆਂ ਬਿਮਾਰੀਆਂ ਅਤੇ ਕੁਪੋਸ਼ਣ ਨੂੰ ਵਧਾਉਂਦਾ ਹੈ। ਜੰਗਲ ਦੀ ਅੱਗ ਬਜ਼ੁਰਗ ਲੋਕਾਂ ਲਈ ਸਾਹ ਦੀਆਂ ਬਿਮਾਰੀਆਂ ਅਤੇ ਕਾਰਡੀਓਵੈਸਕੁਲਰ ਮੌਤ ਦਰ ਨੂੰ ਵਧਾਉਣ ਲਈ ਦਿਖਾਈ ਗਈ ਹੈ। ਹਾਲਾਂਕਿ ਜਲਵਾਯੂ ਪਰਿਵਰਤਨ ਹਰ ਕਿਸੇ ਨੂੰ ਪ੍ਰਭਾਵਿਤ ਕਰਦਾ ਹੈ, ਜਲਵਾਯੂ-ਸਬੰਧਤ ਵਿਸਥਾਪਨ ਅਤੇ ਵਿਘਨ ਉਨ੍ਹਾਂ ਲੋਕਾਂ ਲਈ ਗੰਭੀਰ ਨਤੀਜੇ ਹਨ ਜਿਨ੍ਹਾਂ ਨੂੰ ਸਿਹਤ ਸੇਵਾਵਾਂ ਅਤੇ ਸਮਾਜਿਕ ਸਹਾਇਤਾ ਤੱਕ ਨਿਯਮਤ ਪਹੁੰਚ ਦੀ ਲੋੜ ਹੁੰਦੀ ਹੈ। ਨਵਜੰਮੇ ਬੱਚਿਆਂ ਅਤੇ ਬਜ਼ੁਰਗਾਂ ਦੇ ਨਾਲ-ਨਾਲ ਗਰਭਵਤੀ ਔਰਤਾਂ ਵਿਚ ਖਾਸ ਸਰੀਰਕ ਜੋਖਮ ਦੇ ਕਾਰਕ ਹੋ ਸਕਦੇ ਹਨ, ਜਿਵੇਂ ਕਿ ਤਾਪਮਾਨ ਨਿਯਮ ਵਿਚ ਮੁਸ਼ਕਲ, ਡੀਹਾਈਡਰੇਸ਼ਨ ਦੀ ਕਮਜ਼ੋਰੀ, ਅਤੇ/ਜਾਂ ਕਮਜ਼ੋਰ ਇਮਿਊਨ ਸਿਸਟਮ। ਉਨ੍ਹਾਂ ਨੂੰ ਜਲਵਾਯੂ ਪਰਿਵਰਤਨ ਅਤੇ ਸਬੰਧਿਤ ਆਫਤਾਂ ਦੇ ਅਸਿੱਧੇ ਪ੍ਰਭਾਵਾਂ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਕਮੀ ਅਤੇ ਵੈਕਟਰ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵਿਚ ਵਾਧਾ ਦੇ ਅਸਿੱਧੇ ਪ੍ਰਭਾਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

### ਗਰੀਨ ਹਾਊਸ ਗੈਸਾਂ ਦੇ ਨਿਕਾਸ ਦਾ ਅਸਰ

ਇਕ ਸਿਹਤਮੰਦ ਵਾਤਾਵਰਣ ਜੀਵਨ ਭਰ ਦੀ ਸਿਹਤ ਨੂੰ ਦਰਸਾਉਂਦਾ ਹੈ। ਬਚਪਨ ਅਤੇ ਜਵਾਨੀ ਵਿਚ ਸਿਹਤਮੰਦ ਵਿਕਾਸ ਅਤੇ ਸਿਹਤਮੰਦ ਗਰਭ-ਅਵਸਥਾ ਅਤੇ ਸਿਹਤਮੰਦ ਬੁਢਾਪੇ ਨੂੰ ਸਮਰੱਥ ਬਣਾਉਂਦਾ ਹੈ। ਅਨਾਇਦਾ ਪੋਰਟੇਲਾ ਦੇ ਵਿਗਿਆਨੀ ਨੇ ਕਿਹਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾ ਕੇ ਅਤੇ ਜਲਵਾਯੂ ਲਚਕੀਲਾਪਨ ਬਣਾਉਣ ਲਈ ਜਲਵਾਯੂ ਤਬਦੀਲੀ ਨੂੰ ਘਟਾਉਣ ਦੀ ਤੁਰੰਤ ਲੋੜ ਹੈ। ਜੀਵਨ ਦੇ ਇਨ੍ਹਾਂ ਵੱਖ-ਵੱਖ ਪੜਾਵਾਂ 'ਤੇ ਸਿਹਤ ਦੀ ਰੱਖਿਆ ਕਰਨ ਵਾਲੀਆਂ ਖਾਸ ਕਾਰਵਾਈਆਂ ਕਰਨ ਲਈ ਅਤੇ ਮੌਸਮੀ ਆਫਤਾਂ ਦੇ ਵਾਪਰਨ ਵੇਲੇ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਲਈ ਸਿਹਤ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਕਦਮ ਪੁੱਟਣ ਦੀ ਲੋੜ ਹੈ।

### ਜੋਖਮ ਘੱਟ ਕਰਨ ਲਈ ਯੋਜਨਾਵਾਂ ਉਲੀਕਣੀਆਂ

ਬੋਧਾਤਮਕ ਰੁਕਾਵਟਾਂ ਖਾਸ ਕਰਕੇ ਆਬਾਦੀ ਲਈ ਵੱਖ-ਵੱਖ ਜਲਵਾਯੂ ਖਤਰਿਆਂ ਦੇ ਸਿਹਤ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਕਰ ਕੇ, ਖੋਜਕਰਤਾਵਾਂ ਦਾ ਉਦੇਸ਼ ਸਰਕਾਰਾਂ ਅਤੇ ਪ੍ਰੋਗਰਾਮਾਂ ਨੂੰ ਜੋਖਮਾਂ ਨੂੰ ਹੱਲ ਕਰਨ ਅਤੇ ਕਾਰਵਾਈ ਕਰਨ ਦੀ ਯੋਜਨਾ ਬਣਾਉਣ ਵਿਚ ਮਦਦ ਕਰਨਾ ਹੈ।

ਵਰਤਮਾਨ ਵਿਚ, ਕੁਝ ਜਲਵਾਯੂ ਅਨੁਕੂਲਨ ਉਪਾਅ ਔਰਤਾਂ, ਨਿਆਣਿਆਂ, ਬੱਚਿਆਂ ਅਤੇ ਕਿਸ਼ੋਰਾਂ ਦੀਆਂ ਖਾਸ ਲੋੜਾਂ ਲਈ ਤਿਆਰ ਕੀਤੇ ਗਏ ਹਨ। ਉਪਾਵਾਂ ਵਿਚ ਅਤਿਅੰਤ ਮੌਸਮੀ ਘਟਨਾਵਾਂ ਅਤੇ ਵੱਧਦੇ ਤਾਪਮਾਨਾਂ ਲਈ ਬੱਚਿਆਂ ਦੀ ਦੇਖਭਾਲ, ਸਮਾਜਿਕ ਦੇਖਭਾਲ ਅਤੇ ਵਿਦਿਅਕ ਪ੍ਰਣਾਲੀਆਂ ਨੂੰ ਤਿਆਰ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਹਰ ਉਮਰ ਦੇ ਲੋਕਾਂ ਨੂੰ ਜਲਵਾਯੂ ਕਾਰਵਾਈ, ਸੰਵਾਦ ਅਤੇ ਯੋਜਨਾਬੰਦੀ ਵਿਚ ਸ਼ਾਮਲ ਕਰਨਾ ਹੋਣਾ ਚਾਹੀਦਾ ਹੈ। ਸਾਲ 2023, 170 ਤੋਂ ਵੱਧ ਸਾਲਾਂ ਵਿਚ ਰਿਕਾਰਡ ਤੇ ਸਭ ਤੋਂ ਗਰਮ ਸਾਲ ਸੀ, ਅਤੇ ਜੰਗਲੀ ਅੱਗ ਤੋਂ ਲੈ ਕੇ ਚੱਕਰਵਾਤ, ਹੜ੍ਹਾਂ ਅਤੇ ਬਹੁਤ ਜ਼ਿਆਦਾ ਗਰਮੀ ਤੱਕ ਕਈ ਮੌਸਮੀ ਸੰਕਟ ਕਾਲ ਸਨ।

### ਦਮਨਕਾਰੀ ਗਰਮੀ ਨੇ ਲਈਆਂ ਕਈ ਜਾਨਾਂ

ਜਿਵੇਂ ਕਿ 7 ਮਈ ਨੂੰ ਭਾਰਤ ਵਿਚ ਤਾਪਮਾਨ 110 ਡਿਗਰੀ ਫਾਰਨਹੀਟ (43.3 ਸੈਲਸੀਅਸ) ਤੋਂ ਵੱਧ ਦੇ ਨਾਲ, ਅਪ੍ਰੈਲ ਅਤੇ ਮਈ 2024 ਵਿਚ ਏਸ਼ੀਆ ਦੇ ਵੱਡੇ ਖੇਤਰਾਂ ਵਿਚ ਇਕ ਘਾਤਕ ਹੀਟਵੇਵ ਨੇ ਹਫਤਿਆਂ ਲਈ ਆਪਣੀ ਲਪੇਟ ਵਿਚ ਲਿਆ। ਦਮਨਕਾਰੀ ਗਰਮੀ ਦੇ ਸਿਆਸਤਦਾਨਾਂ, ਸਥਾਨਕ ਖਬਰਾਂ ਦੇ ਘੋਸ਼ਣਾਕਰਤਾਵਾਂ ਅਤੇ ਵੋਟਰਾਂ ਨੂੰ ਬੇਹੋਸ਼ ਕਰ ਦਿੱਤਾ।

ਜਪਾਨ ਤੋਂ ਲੈ ਕੇ ਫਿਲੀਪੀਨਜ਼ ਤੱਕ, ਲਗਾਤਾਰ ਗਰਮੀ ਨੇ ਰੋਜ਼ਾਨਾ ਜੀਵਨ ਨੂੰ ਵਿਗਾੜ ਦਿੱਤਾ ਕੰਬੋਡੀਆ ਵਿਚ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਘਰ ਭੇਜ ਦਿੱਤਾ ਗਿਆ ਕਿਉਂਕਿ ਹੱਥ ਵਿਚ ਫੜੇ ਹੋਏ ਪੱਖੇ ਮਾੜੇ, ਹਵਾਦਾਰ ਕਲਾਸਰੂਮਾਂ ਵਿਚ ਥੋੜ੍ਹੀ ਰਾਹਤ ਪ੍ਰਦਾਨ ਕਰਦੇ ਹਨ। ਕਿਸਾਨਾਂ ਨੇ ਫਸਲਾਂ ਨੂੰ ਸੁੱਕਦੇ ਹੋਏ ਅਤੇ ਪਸ਼ੂਆਂ ਦੀਆਂ ਸੂਰਜ ਦੀ ਗਰਮੀ ਨਾ ਸਹਿੰਦੇ ਹੋਏ ਸੈਂਕੜੇ ਮੌਤਾਂ ਹੁੰਦੀਆਂ ਦੇਖੀਆਂ।

### ਸੰਕਟ ਤੇ ਹੋਰ ਜਾਨਲੇਵਾ ਹੋਣ ਦੀ ਸੰਭਾਵਨਾ

ਦੁਨੀਆਂ ਨੂੰ ਹਾਲ ਹੀ ਦੇ ਸਾਲਾਂ ਵਿਚ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪਿਆ ਹੈ। 2023 'ਚ ਦੱਖਣ-ਪੱਛਮੀ ਸੰਯੁਕਤ ਰਾਜ ਵਿਚ ਇਕ ਹਫਤਾ ਲੰਬੀ ਗਰਮੀ ਦੀ ਲਹਿਰ ਨੂੰ 31 ਦਿਨਾਂ ਲਈ ਸਹਿਣ ਕੀਤਾ ਗਿਆ। ਯੂਰਪ ਨੂੰ ਬੇਮਿਸਾਲ ਤਾਪਮਾਨ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਸੈਂਕੜੇ ਲੋਕਾਂ ਨੂੰ ਮਾਰਿਆ। ਗ੍ਰੀਸ ਅਤੇ ਕੈਨੇਡਾ ਵਿਚ ਜੰਗਲੀ ਅੱਗ ਦਾ ਸਾਹਮਣਾ ਕੀਤਾ। ਬੁਢੇ ਤੇ ਬਾਲਗ ਖਾਸ ਤੌਰ 'ਤੇ ਬਹੁਤ ਜ਼ਿਆਦਾ ਗਰਮੀ ਦਾ ਸ਼ਿਕਾਰ ਹੁੰਦੇ ਹਨ, ਅਤੇ ਇਹ ਸੰਕਟ ਹੋਰ ਵਿਗੜਨ ਦੀ ਉਮੀਦ ਹੈ।

### ਉਮਰਦਰਾਜ ਲੋਕਾਂ ਦੀ ਵੱਧ ਰਹੀ ਹੈ ਗਿਣਤੀ

ਜਲਵਾਯੂ ਪਰਿਵਰਤਨ ਅਤੇ ਆਬਾਦੀ ਦੀ ਉਮਰ ਵਧਣ ਤੇ ਸਾਡੀ ਖੋਜ ਪਰੇਸ਼ਾਨ ਕਰਨ ਵਾਲੇ ਦੋ ਰੁਝਾਨਾਂ ਨੂੰ ਪ੍ਰਗਟ ਕਰਦੀ ਹੈ। ਪਹਿਲਾ, ਵਿਸ਼ਵ ਦਾ ਤਾਪਮਾਨ ਪਹਿਲਾਂ ਨਾਲੋਂ ਜ਼ਿਆਦਾ ਗਰਮ ਹੈ। 2015-2023 ਰਿਕਾਰਡ ਤੇ ਸਭ ਤੋਂ ਗਰਮ ਸਮਾਂ ਰਿਹਾ ਹੈ। ਦੂਜਾ, ਵਿਸ਼ਵਵਿਆਪੀ ਆਬਾਦੀ ਉਮਰਦਰਾਜ ਹੋ ਰਹੀ ਹੈ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਸੰਖਿਆ 2050 ਤੱਕ ਦੁੱਗਣੀ ਹੋ ਕੇ 2.1 ਬਿਲੀਅਨ ਹੋ ਜਾਣ ਦੀ ਉਮੀਦ ਹੈ, ਜੋ ਆਬਾਦੀ ਦਾ 21 ਪ੍ਰਤੀਸ਼ਤ ਬਣਦਾ ਹੈ।

### ਬਜ਼ੁਰਗਾਂ ਨੂੰ ਬਚਾਉਣ ਲਈ ਰਣਨੀਤੀ ਦੀ ਲੋੜ

ਨੀਤੀ ਨਿਰਮਾਤਾਵਾਂ ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਨ੍ਹਾਂ ਜੋਖਮਾਂ ਨੂੰ ਸਮਝਣਾ ਅਤੇ ਉਨ੍ਹਾਂ ਲਈ ਤਿਆਰ ਹੋਣਾ ਚਾਹੀਦਾ ਹੈ। ਵੱਧ ਰਿਹਾ ਤਾਪਮਾਨ ਬਜ਼ੁਰਗ ਬਾਲਗਾਂ ਲਈ ਘਾਤਕ ਹੋ ਸਕਦਾ ਹੈ ਜੋ ਸਿਹਤ ਦੀਆਂ ਸਥਿਤੀਆਂ ਨੂੰ ਵਿਗਾੜਦਾ ਹੈ ਅਤੇ ਡੀਹਾਈਡਰੇਸ਼ਨ ਅਤੇ ਖਰਾਬ ਹਵਾ ਦੀ ਗੁਣਵੱਤਾ ਲਈ ਕਮਜ਼ੋਰੀ ਵਧਾਉਂਦਾ ਹੈ। ਬੁਢਾਪੇ ਦੀ ਆਬਾਦੀ ਨੂੰ ਵਧਦੇ ਗਰਮੀ ਦੇ ਜੋਖਮਾਂ ਤੋਂ ਬਚਾਉਣ ਲਈ ਪ੍ਰਭਾਵੀ ਖੇਤਰੀ ਰਣਨੀਤੀਆਂ ਅਤੇ ਮਹੱਤਵਪੂਰਨ ਨਿਵੇਸ਼ਾਂ ਦੀ ਲੋੜ ਹੈ।

### ਗਲੇਸ਼ੀਅਰਾਂ ਨੂੰ ਲੱਗ ਰਿਹਾ ਖੋਰਾ

ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਥਿਤੀ ਇਵੇਂ ਜਾਰੀ ਰਹੀ ਤਾਂ ਸਮੁੰਦਰ ਕਈ ਤੱਟੀ ਸ਼ਹਿਰਾਂ ਨੂੰ ਨਿਗਲ ਲਏਗਾ। ਉੱਤਰਾਖੰਡ ਵਿਚ ਭਾਗੀਰਥੀ ਬੇਸਣ ਦਾ ਦੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ 15-20 ਮੀਟਰ ਸਾਲਾਨਾਂ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ ਲੈ ਕੇ 2017 ਤੱਕ ਕੀਤੇ ਗਏ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ 9-11 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲਦਾਖ ਦੇ 'ਸੁਰੂ' ਬੇਸਨ ਦੀ ਦਰੰਗ-ਦੁਰੰਗ ਅਤੇ ਪੈਨਸਲੁੰਗਪਾ ਗਲੇਸ਼ੀਅਰ 12-5.6 ਮੀਟਰ ਸਾਲਾਨਾ ਦੀ ਦਰ ਨਾਲ ਸੁੰਗੜ ਰਹੇ ਹਨ। ਗਲੇਸ਼ੀਅਰਾਂ ਨੂੰ ਸੰਸਾਰ ਪੱਧਰ 'ਤੇ ਹੀ ਖੋਰਾ ਲੱਗਾ ਹੋਇਆ ਹੈ। ਇਨ੍ਹਾਂ ਦਾ ਵਾਧੂ ਪਾਣੀ ਸਮੁੰਦਰੀ ਤਲ ਨੂੰ ਉੱਪਰ ਚੁੱਕ ਰਿਹਾ ਹੈ। ਇਹ ਤਬਦੀਲੀਆਂ ਸਾਡੇ ਮੌਨਸੂਨ ਚੱਕਰ 'ਤੇ ਵੀ ਪ੍ਰਭਾਵ ਪਾ ਰਹੀਆਂ ਹਨ।

ਗ੍ਰੇਟਾ ਥਨਬਰਗ ਨੇ ਚੌਗਿਰਦੇ ਨੂੰ ਬਚਾਉਣ ਲਈ ਹਾਲ ਦਾ ਨਾਅਰਾ ਮਾਰਦਿਆਂ ਹਾਕਮਾਂ ਨੂੰ ਕਿਹਾ ਕਿ ਵਿਕਾਸ ਦੇ ਨਾਂ 'ਤੇ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਸਮੁੱਚੀ ਮਨੁੱਖਤਾ ਨੂੰ ਲੈ ਡੁਬੇਗਾ।



# ਪੰਜਾਬ ਦੇ ਆਰਥਿਕ ਵਿਕਾਸ ਦੀਆਂ ਔਕੜਾਂ

**"ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਜਨਤਕ ਨੀਤੀ ਦੇ ਕਿਸੇ ਵੀ ਯਤਨ ਨੂੰ ਜੀਵੰਤ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਲਈ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੀ ਆਮ ਤੌਰ 'ਤੇ ਜਨਤਕ ਨੀਤੀ ਅਤੇ ਵਪਾਰਕ ਪਹੁੰਚ ਨੇ ਸਥਿਤੀ ਨੂੰ ਬਦਤਰ ਬਣਾ ਦਿੱਤਾ ਹੈ ਅਤੇ ਵਿਕਾਸ ਪ੍ਰਕਿਰਿਆ ਵਿਚ ਦਰਪੇਸ਼ ਰੁਕਾਵਟਾਂ ਨਾਲ ਨਜਿੱਠਣ ਲਈ ਔਕੜਾਂ ਪੈਦਾ ਕੀਤੀਆਂ ਹਨ। ਪੰਜਾਬ ਸਰਕਾਰ ਵੱਲੋਂ ਸੰਪੂਰਨ ਜਨਤਕ ਨੀਤੀਗਤ ਪਹੁੰਚ ਦੇ ਨਾਲ ਸੁਹਿਰਦ ਯਤਨ ਅਤੇ ਪਰਵਾਸੀਆਂ ਸਮੇਤ ਪੰਜਾਬ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਵਿਚ ਸ਼ਾਮਿਲ ਕਰਨ ਨਾਲ ਹਾਲਾਤ ਬਦਲ ਸਕਦੇ ਹਨ।"**



**ਲਖਵਿੰਦਰ ਸਿੰਘ,**
ਆਈ ਐਚ ਡੀ, ਨਵੀਂ ਦਿੱਲੀ ਅਤੇ
ਸਾਬਕਾ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ

ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿਚ ਨਿਘਾਰ ਹੁੰਦਾ ਆ ਰਿਹਾ ਹੈ। ਲੰਬੇ ਅਰਸੇ ਤੋਂ ਪੰਜਾਬ ਦੇ ਅਰਥਚਾਰੇ ਵਿਚ ਤਰੱਕੀ ਦੀ ਰਫਤਾਰ ਮੱਠੀ ਬਣੀ ਹੋਈ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਰਹੇ ਹਨ। ਮਸਲਨ, ਪ੍ਰਤੀ ਜੀਅ ਆਮਦਨ, ਉੱਚ ਬੇਰੁਜ਼ਗਾਰੀ ਦਰ, ਵੱਡੇ ਪੱਧਰ 'ਤੇ ਪਰਵਾਸ, ਵਾਤਾਵਰਣ ਸਰੋਤਾਂ ਦੀ ਬਰਬਾਦੀ ਅਤੇ ਖੇਤੀਬਾੜੀ ਸੰਕਟ ਅਤੇ ਦਿਹਾੜੀ ਖੁਦਕੁਸ਼ੀਆਂ ਜਿਹੇ ਮਾਮਲਿਆਂ ਵਿਚ ਸੂਬੇ ਦੀ ਦਰਜਾਬੰਦੀ ਡਿੱਗਦੀ ਜਾ ਡਿੱਗਦੀ ਜਾ ਰਹੀ ਹੈ। ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿਚ ਵੱਸਦੇ ਪੰਜਾਬੀ ਅਕਸਰ ਇਹ ਸਵਾਲ ਪੁੱਛਦੇ ਹਨ ਕਿ ਕੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਕਦੇ ਬਹਾਲ ਹੋ ਸਕੇਗੀ ? ਪੰਜਾਬ ਦੇ ਅਰਥਚਾਰੇ ਬਾਰੇ ਖੋਜ ਕਰਨ ਵਾਲੇ ਅਰਥਸ਼ਾਸਤਰੀ ਇਸ ਸਵਾਲ ਦਾ ਹਾਂਦਰੂ ਜਵਾਬ ਦਿੰਦੇ ਹਨ। ਉਂਝ, ਪੰਜਾਬ ਦੇ ਅਰਥਚਾਰੇ ਦੀਆਂ ਮੂਲ ਸ਼ਕਤੀਆਂ ਨੂੰ ਸੁਰਜੀਤ ਕਰਨ ਦੇ ਰਾਹ ਵਿਚ ਕਈ ਕਾਰਕ ਰੋੜਾ ਬਣੇ ਹੋਏ ਹਨ ਜਿਨ੍ਹਾਂ ਦੀ ਸ਼ਨਾਖਤ ਕਰਨ ਅਤੇ ਦਰੁਸਤੀ ਕਦਮ ਚੁੱਕਣ ਦੀ ਲੋੜ ਹੈ। ਜੇ ਇਨ੍ਹਾਂ ਕਦਮਾਂ ਨੂੰ ਅਮਲ ਵਿਚ ਲਿਆਂਦਾ ਜਾਵੇ ਤਾਂ ਪੰਜਾਬ ਦੇ ਅਰਥਚਾਰੇ ਦੀ ਸ਼ਾਨ ਹੀ ਬਹਾਲ ਨਹੀਂ ਹੋਵੇਗੀ ਸਗੋਂ ਇਹ ਇਕ ਮਿਸਾਲੀ ਆਰਥਿਕ ਅਗਵਾਈ ਵੀ ਦੇ ਸਕਦਾ ਹੈ।



ਪੰਜਾਬ ਦੇ ਅਰਥਚਾਰੇ ਦੀ ਗਤੀਸ਼ੀਲਤਾ ਨੂੰ ਡੱਕ ਰਹੀ ਪਹਿਲੀ ਰੁਕਾਵਟ ਹੈ ਇਸ ਦਾ ਚਲੰਤ ਪੈਦਾਵਾਰੀ ਢਾਂਚਾ। ਹਾਲਾਂਕਿ ਪੰਜਾਬ ਦੇ ਅਰਥਚਾਰੇ ਦਾ ਢਾਂਚਾ ਹੌਲੀ-ਹੌਲੀ ਖੇਤੀਬਾੜੀ ਤੋਂ ਸੇਵਾਵਾਂ ਵੱਲ ਮੁੜ ਗਿਆ ਹੈ, ਫਿਰ ਵੀ ਭਾਰਤ ਦੇ ਹੋਰਨਾਂ ਗਤੀਸ਼ੀਲ ਸੂਬਿਆਂ ਅਤੇ ਨਵੇਂ ਸਨਅਤੀਕ੍ਰਿਤ ਪੂਰਬੀ ਏਸ਼ਿਆਈ ਦੇਸ਼ਾਂ ਦੀ ਤੁਲਨਾ ਵਿਚ ਸੂਬਾਈ ਕੁੱਲ ਘਰੇਗੀ ਪੈਦਾਵਾਰ (ਐਸ ਜੀ ਡੀ ਪੀ) ਵਿਚ ਬਹੁਤਾ ਯੋਗਦਾਨ ਅਤੇ ਰੋਜ਼ੀ ਰੋਟੀ ਰੋਟੀ ਕਮਾਉਣ ਲਈ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਖੇਤੀਬਾੜੀ ਤੋਂ ਹੀ ਆਉਂਦਾ ਹੈ। ਪੰਜਾਬ ਦੇ ਅਰਥਚਾਰੇ ਦੀ ਫਿਤਰਤ ਅਤੇ ਢਾਂਚੇ ਦੇ ਮੱਦੇਨਜ਼ਰ ਇਸ ਦੀ ਗਤੀਸ਼ੀਲਤਾ ਦੇ ਰਾਹ ਦੀ ਸਭ ਤੋਂ ਅਹਿਮ ਰੁਕਾਵਟ ਵੱਖ-ਵੱਖ ਖੇਤਰਾਂ ਦਰਮਿਆਨ ਲੋੜੀਂਦੇ ਸੂਤਰਾਂ ਦੀ ਘਾਟ ਹੈ। ਇਸ ਕਰ ਕੇ ਆਮਦਨੀ 'ਚ ਵਾਧੇ ਨੂੰ ਉਸ ਪੱਧਰ 'ਤੇ ਨਹੀਂ ਲਿਜਾਇਆ ਜਾ ਰਿਹਾ ਹੈ ਜੋ ਕਿ ਆਰਥਿਕ ਵਿਕਾਸ ਦੀ ਉੱਚੀ ਦਰ ਜ਼ਰੂਰੀ ਹੈ।

ਲੰਮੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਅਰਥਚਾਰਾ ਖੇਤੀਬਾੜੀ ਉੱਪਰ ਲੋੜੋਂ ਵੱਧ ਨਿਰਭਰ ਹੈ ਅਤੇ ਇਸ ਨਾਲ ਅਰਥਚਾਰੇ ਅਤੇ ਖੇਤੀਬਾੜੀ ਖੇਤਰ ਵਿਚ ਵੀ ਤਬਦੀਲੀ ਦੀ ਲੋੜ ਹੈ। ਦੇਸ਼ ਦੀ ਖੁਰਾਕ ਸੁਰੱਖਿਆ ਲਈ ਪੰਜਾਬ 'ਤੇ ਲੋੜੋਂ ਵੱਧ ਨਿਰਭਰਤਾ ਕਰ ਕੇ ਇਸ ਮੁਤੱਲਕ ਸੁਝਾਈ ਗਈ ਰਣਨੀਤੀ ਦਾ ਵਿਰੋਧ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਅਤੇ ਕਿਸਾਨਾਂ ਨੇ ਆਪਣੇ ਤੌਰ 'ਤੇ ਖੇਤੀਬਾੜੀ ਦੀ ਫਸਲੀ ਵਿਭਿੰਨਤਾ ਅਪਣਾਉਣ ਦੇ ਯਤਨ ਕੀਤੇ ਸਨ ਪਰ ਇਹ ਇਸ ਕਰ ਕੇ ਫੇਲ੍ਹ ਸਾਬਿਤ ਹੋਏ ਕਿਉਂਕਿ ਢੁੱਕਵੀਂ ਪ੍ਰਾਸੈਸਿੰਗ ਦੀ ਅਣਹੋਂਦ ਵਿਚ ਨਵੀਆਂ ਫਸਲਾਂ ਦੀ ਵਾਧੂ ਉਪਜ ਨੂੰ ਸਮੋਣ ਲਈ ਮੰਡੀ 'ਤੇ ਟੇਕ ਰੱਖੀ ਗਈ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਅਜੇ ਵੀ ਕਣਕ-ਝੋਨੇ ਦੇ ਚੱਕਰ ਵਿਚ ਘੁੰਮ ਰਿਹਾ ਹੈ ਅਤੇ ਇਸ ਨਾਲ ਕਰ ਕੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਫਸਲੀ ਰਹਿੰਦੀ-ਖੂੰਹਦ ਨੂੰ ਸਾੜਨ ਦਾ ਸਿਲਸਿਲਾ ਚੱਲ ਰਿਹਾ ਹੈ। ਆਮ ਤੌਰ 'ਤੇ ਪੰਜਾਬ ਦੇ ਅਰਥਚਾਰੇ ਨੂੰ ਅਤੇ ਖਾਸ ਤੌਰ 'ਤੇ ਖੇਤੀਬਾੜੀ ਖੇਤਰ ਵਿਚ ਵਿਭਿੰਨਤਾ ਲਈ ਸੂਬਾ ਅਤੇ ਕੇਂਦਰ ਦੋਵੇਂ ਸਰਕਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਇਸ ਲਈ ਹਰੇ ਇਨਕਲਾਬ ਤੋਂ ਪਹਿਲਾਂ ਦੋਵੇਂ ਸਰਕਾਰਾਂ ਦੇ ਯਤਨਾਂ ਵਾਂਗ ਲੋੜ ਹੈ ਨਵੇਂ ਬੁਨਿਆਦੀ ਢਾਂਚੇ ਅਤੇ ਇਸ ਲਈ ਢੁਕਵੇਂ ਮਾਹੌਲ ਲਈ ਇਕ ਵਾਰ ਦੀ ਤਬਦੀਲੀ ਲਾਗਤ ਦਾ ਬੋਝ ਚੁੱਕਣ ਦੀ ਲੋੜ ਹੈ। ਸਿਆਸੀ ਲੀਡਰਸ਼ਿਪ ਦੀ ਇੱਛਾ ਇਸ ਔਕੜ 'ਤੇ ਕਾਬੂ ਪਾ ਸਕਦੀ ਹੈ।

ਦੂਜੀ ਔਕੜ ਪਿਛਲੇ ਕਈ ਸਾਲਾਂ ਤੋਂ ਆਰਥਿਕ ਨੀਤੀ ਦੇ ਨਕਾਰਾਪਣ ਦੀ ਹੈ। ਜੇ ਅਸੀਂ 1980ਵਿਆਂ ਦੇ ਮੱਧ ਨੂੰ ਚੇਤੇ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਦਾ ਇਕ ਸਰਪਲੱਸ ਮਾਲੀਏ ਵਾਲਾ ਸੂਬਾ ਪਹਿਲੀ ਵਾਰ ਮਾਲੀਆ ਘਾਟੇ ਵਿਚ ਗਿਆ ਸੀ। ਪੰਜਾਬ ਵਿਚ ਉਦੋਂ ਗੜਬੜ ਸਿਖਰਾਂ 'ਤੇ ਸੀ ਜਦੋਂ ਇਸ ਦੇ ਜ਼ਿਆਦਾਤਰ ਅਦਾਰਿਆਂ ਦਾ ਕੰਮ-ਕਾਜ ਲੀਹੋਂ ਲਹਿ ਗਿਆ ਸੀ ਜਿਸ ਕਰ ਕੇ ਮਾਲਿਆ ਇਕੱਤਰ ਕਰਨ ਵਾਲੀ ਮਸ਼ੀਨਰੀ ਠੱਪ ਹੋ ਗਈ ਅਤੇ ਇਸ ਦੇ ਨਾਲ ਹੀ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਖਰਚੇ ਦਾ ਵਾਧੂ ਬੋਝ ਚੁੱਕਣਾ ਪੈ ਗਿਆ। ਇਹ ਪੰਜਾਬ ਦੇ ਖਜ਼ਾਨੇ 'ਤੇ ਦੋਹਰਾ ਭਾਰ ਸੀ ਅਤੇ ਸਿੱਟੇ ਵਜੋਂ ਸੂਬਾ ਸਰਕਾਰ ਨੇ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ ਹੌਲੀ ਇਹ ਸਰਪਲੱਸ ਮਾਲੀਏ ਤੋਂ ਕਰਜ਼ੇ ਦੇ ਬੋਝ ਹੇਠ, ਆ ਗਿਆ। ਲੋਕਰਾਜ ਅਤੇ ਚੁਣੀਆਂ ਹੋਈਆਂ ਸਰਕਾਰਾਂ ਦੀ ਬਹਾਲੀ ਤੋਂ ਤਿੰਨ ਦਹਾਕਿਆਂ ਬਾਅਦ ਵੀ ਪੰਜਾਬ ਹਰ ਸਾਲ ਕਰਜ਼ੇ ਦੀ ਦਲਦਲ ਵਿਚ ਗਹਿਰਾ ਧੱਸਦਾ ਚਲਿਆ ਗਿਆ। ਪੰਜਾਬ ਸਿਰ 3.51 ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੋ ਚੁੱਕਿਆ ਹੈ ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 47 ਫੀਸਦੀ ਬਣਦਾ ਹੈ। ਕੁਲ ਕਰਜ਼ੇ 'ਚੋਂ 92.2 ਫੀਸਦੀ ਹਿੱਸਾ ਇਸ ਦੀਆਂ ਕਿਸ਼ਤਾਂ ਤਾਰਨ ਦੇ ਹਿੱਸੇ ਲੱਗ ਰਿਹਾ ਹੈ। ਇਸ ਦੇ ਪੱਕੇ ਖਰਚੇ ਰਾਜ ਸਰਕਾਰ ਵੱਲੋਂ ਇਕੱਤਰ ਕੀਤੇ ਜਾਂਦੇ ਮਾਲੀਏ ਨਾਲੋਂ ਵਧ ਜਾਂਦੇ ਹਨ। ਕੋਵਿਡ-19 ਦੌਰਾਨ ਵੀ ਇਹ ਮਹਿਸੂਸ ਕੀਤਾ ਗਿਆ ਸੀ ਕਿ ਕੇਂਦਰ ਸਰਕਾਰ ਦਾ ਰਾਜਕੋਸ਼ੀ ਘਾਟਾ ਵਧ ਸਕਦਾ ਹੈ ਪਰ ਰਾਜ ਸਰਕਾਰ ਉੱਪਰ ਕਰਜ਼ ਲੈਣ 'ਤੇ ਰੋਕ ਲਾ ਦਿੱਤੀ ਗਈ ਅਤੇ ਇਕ ਖਾਸ ਕਿਸਮ ਦੇ ਖਰਚ ਵਿਚ ਅੱਧਾ ਫੀਸਦੀ ਤੱਕ ਲਚਕਤਾ ਜੋੜ ਦਿੱਤੀ ਗਈ। ਰਾਜ ਸਰਕਾਰ ਲਈ ਬੰਧਕ ਆਰਥਿਕ ਨੇਮਾਂ ਅਤੇ ਗਤੀਸ਼ੀਲ ਟੈਕਸ ਲਾਉਣ ਦੇ ਅਖਤਿਆਰ ਕੇਂਦਰ ਦੇ ਹੱਥਾਂ ਵਿਚ ਚਲੇ ਜਾਣ ਕਰ ਕੇ ਰਾਜ ਸਰਕਾਰ ਕੋਲ ਵਿਕਾਸ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਮਾਲੀਆ ਜੁਟਾਉਣ ਦੇ ਸਾਧਨ ਸੀਮਤ ਹੋ ਗਏ ਹਨ। ਉਂਝ, ਬਿਜਲੀ ਸਬਸਿਡੀ ਜਿਹੀਆਂ ਤਰਕਹੀਣ ਸਬਸਿਡੀਆਂ ਦਾ ਬੋਝ ਵਧਣ ਕਰਕੇ ਆਰਥਿਕ ਨੀਤੀ ਪੰਗੂ ਹੋ ਕੇ ਰਹਿ ਗਈ ਹੈ ਅਤੇ ਪੰਜਾਬ ਦੇ ਅਰਥਚਾਰੇ ਦੇ ਪੈਦਾਵਾਰੀ ਢਾਂਚੇ ਨੂੰ ਦਿਸ਼ਾ ਦੇਣ ਵਿਚ ਸਰਕਾਰ ਨਾਕਾਮ ਰਹੀ ਹੈ।

ਤੀਜਾ ਵੱਡਾ ਅੜਿੱਕਾ ਗੈਰ-ਆਰਥਿਕ ਕਾਰਕਾਂ ਦਾ ਸਿੱਟਾ ਹੈ ਜੋ ਕਿ ਪੰਜਾਬ ਦੇ ਲੋਕਾਂ ਦੇ ਗਰਮ ਮਿਜ਼ਾਜ ਨਾਲ ਜੁੜੇ ਹੋਏ ਹਨ ਜਿਨ੍ਹਾਂ ਕਰ ਕੇ ਇਸ ਨਿਵੇਸ਼ ਵਿਚ ਕਮੀ ਆ ਗਈ ਹੈ। ਧਰਮ ਨੂੰ ਸਿਆਸੀ ਮੰਤਵਾਂ ਲਈ ਵਰਤਣ ਕਰ ਕੇ ਬਹੁਤ ਹੀ ਵਾਜਿਬ ਸਮਾਜਿਕ ਆਰਥਿਕ ਔਕੜਾਂ ਨੂੰ ਧਰਮ ਅਤੇ ਸ਼ਨਾਖਤ ਦੇ ਮੁੱਦੇ ਬਣ ਜਾਣ ਕਰ ਕੇ ਤਣਾਅਪੂਰਨ ਮਾਹੌਲ ਪੈਦਾ ਹੋ ਗਿਆ ਹੈ ਅਤੇ ਇਸ ਕਰ ਕੇ ਸ਼ਾਂਤੀ ਭੰਗ ਹੁੰਦੀ ਹੈ ਜੋ ਕਿ ਆਰਥਿਕ ਗਤੀਵਿਧੀਆਂ ਵਿਚ ਦੀਰਘਕਾਲੀ ਨਿੱਜੀ ਨਿਵੇਸ਼ ਲਈ ਜ਼ਰੂਰੀ ਹੁੰਦੀ ਹੈ। ਨਿੱਜੀ ਨਿਵੇਸ਼ ਦੇ ਬਾਹਰ ਜਾਣ ਦਾ ਇਹ ਰੁਝਾਨ ਅੱਸੀਵਿਆਂ ਦੇ ਮੱਧ ਵਿਚ ਸ਼ੁਰੂ ਹੋਇਆ ਸੀ ਜੋ ਅੱਜ ਵੀ ਜਾਰੀ ਹੈ। ਮੰਡੀ ਗੋਬਿੰਦਗੜ੍ਹ ਅਤੇ ਬਟਾਲਾ 'ਉਲਟ ਸਨਅਤੀਕਰਨ' ਅਤੇ ਪੰਜਾਬ ਦੇ ਹੋਰਨਾਂ ਸਨਅਤੀ ਸ਼ਹਿਰਾਂ 'ਚੋਂ ਨਿਵੇਸ਼ ਘਟਣ ਦਾ ਸਬੂਤ ਹਨ। ਪੰਜਾਬ ਵਿਚ ਨਿਵੇਸ਼ ਦੀ ਕਮੀ ਦਾ ਪੂਰਕ ਕਾਰਨ ਇਹ ਹੈ ਕਿ ਇਸ ਦੀ ਪਾਕਿਸਤਾਨ ਨਾਲ ਲੰਮੀ ਸਰਹੱਦ ਲੱਗਦੀ ਹੈ ਅਤੇ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਬਹੁਤ ਸਮਾਂ ਭਾਰਤ-ਪਾਕਿਸਤਾਨ ਦੇ ਸਬੰਧ ਆਮ ਵਰਗੇ ਨਾ ਰਹੇ ਜਿਸ ਕਰ ਕੇ ਪੰਜਾਬ ਘਰੇਗੀ ਅਤੇ ਵਿਦੇਸ਼ੀ ਨਿਵੇਸ਼ ਦਾ ਟਿਕਾਣਾ ਨਾ ਬਣ ਸਕਿਆ। ਇਸ ਦੇ ਸਿੱਟੇ ਕਰ ਕੇ ਹੀ ਸਾਲ 2023 ਵਿਚ ਐਸ ਜੀ ਡੀ ਪੀ ਵਿਚ ਕੁੱਲ ਨਿਸ਼ਚਤ ਪੂੰਜੀ ਨਿਵੇਸ਼ ਘਟ ਕੇ 14 ਫੀਸਦੀ ਰਹਿ ਗਿਆ ਹੈ।

ਪੰਜਾਬ ਦੇ ਵਿਕਾਸ ਲਈ ਚੌਥਾ ਵੱਡਾ ਰੁਕਾਵਟ ਮਨੁੱਖੀ ਸਰਮਾਏ ਦੀ ਘਾਟ ਹੈ। ਇਹ ਇਤਿਹਾਸਕ ਤੱਥਾਂ ਦੇ ਉਲਟ ਹੈ ਕਿ ਪੰਜਾਬੀਆਂ ਕੋਲ ਉੱਤਮ ਉੱਦਮੀ ਅਤੇ ਅਗਵਾਈ ਦਾ ਹੁਨਰ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵਿਦਿਅਕ ਅਤੇ ਸਿਹਤ ਨਾਲ ਸਬੰਧਿਤ ਸੰਸਥਾਵਾਂ ਦੋਵੇਂ ਜਨਤਕ ਨਿਵੇਸ਼ ਦੀ ਘਾਟ ਅਤੇ ਮੁਨਾਫੇ ਦੀ ਘਾਟ ਦੇ ਕਾਰਨ ਨੁਕਸਾਨ ਝੱਲ ਰਹੀਆਂ ਹਨ ਪਰ ਘੱਟ ਗੁਣਵੱਤਾ ਵਾਲੇ ਨਿੱਜੀ ਵਿਦਿਅਕ ਅਤੇ ਸਿਹਤ ਸੰਸਥਾਵਾਂ ਨੇ ਵਪਾਰ ਦੁਆਰਾ ਮੰਗ ਦੇ ਹੁਨਰ ਅਤੇ ਪੈਦਾ ਕੀਤੀ ਘੱਟ ਹੁਨਰਮੰਦ ਮਨੁੱਖੀ ਪੂੰਜੀ ਵਿਚਕਾਰ ਤਾਲਮੇਲ ਤੋੜ ਦਿੱਤਾ ਹੈ। ਪੱਛਮੀ ਦੇਸ਼ਾਂ ਵਿਚ ਮੁਕਾਬਲਤਨ ਉੱਤਮ ਹੁਨਰ ਅਤੇ ਵਿੱਤੀ ਸਰੋਤ ਅਧਾਰਤ ਮਨੁੱਖੀ ਪੂੰਜੀ ਦੇ ਪਰਵਾਸ ਨੇ ਰਾਜ ਵਿਚ ਲਾਭਕਾਰੀ ਨਵੀਆਂ ਆਰਥਿਕ ਗਤੀਵਿਧੀਆਂ ਜਿਵੇਂ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਲਈ ਲੋੜੀਂਦੇ ਮਨੁੱਖੀ ਸਰੋਤਾਂ ਦੀ ਘਾਟ ਨੂੰ ਵਧਾਇਆ ਹੈ।

ਆਖਰੀ ਪਰ ਓਨਾ ਹੀ ਅਹਿਮ ਅੜਿੱਕਾ ਵਿਕਾਸ ਦੀ ਅਣਹੋਂਦ ਅਤੇ ਵਿਕਾਸੀ ਸੰਸਥਾਵਾਂ ਦੇ ਵਿਕੇਂਦਰੀਕਰਨ ਦੀ ਘਾਟ ਹੈ। ਸਾਰਾ ਵਿਕਾਸ ਸੰਸਥਾਗਤ ਢਾਂਚਾ ਸਵਾਰਥੀ ਹਿੱਤਾਂ ਦੇ ਕਬਜ਼ੇ ਵਿਚ ਆ ਗਿਆ ਹੈ ਜਿਸ ਨੂੰ ਪੁਲੀਸ-ਨੌਕਰਸ਼ਾਹੀ-ਸਿਆਸੀ ਕੁਲੀਨ ਵਰਗ ਦੀ ਇਕ ਜਕੜ ਕਿਹਾ ਜਾ ਸਕਦਾ ਹੈ। ਨੀਤੀ ਬਣਾਉਣ, ਲਾਗੂ ਕਰਨ ਅਤੇ ਮਲਾਂਕਣ ਸਵਾਰਥੀ ਹਿੱਤ ਸਮੂਹ ਦੇ ਹੱਥਾਂ ਵਿਚ ਕੇਂਦਰਿਤ ਹੋ ਗਿਆ ਹੈ ਜੋ ਆਪਣੇ ਸਮੂਹ ਦੇ ਹਿੱਤਾਂ ਨੂੰ ਵੱਧ ਤੋਂ ਵੱਧ ਤਰਜੀਹ ਦਿੰਦੇ ਹਨ ਅਤੇ ਵੱਡੇ ਪੱਧਰ 'ਤੇ ਨਜ਼ਰਾਨਾ ਵਸੂਲੀ ਦੇ ਵਿਵਹਾਰ ਅਤੇ ਨਸ਼ਿਆਂ ਅਤੇ ਸਿੰਥੈਟਿਕ ਨਸ਼ੀਲੇ ਪਦਾਰਥਾਂ ਅਤੇ ਰੇਤ-ਬਜਰੀ ਦੇ ਗੈਰ-ਕਾਨੂੰਨੀ ਕਾਰੋਬਾਰ ਸਮੇਤ ਵੱਖ-ਵੱਖ ਕਿਸਮਾਂ ਦੇ ਗਰੋਹਾਂ ਨੂੰ ਉਤਸ਼ਾਹਿਤ ਕਰਨ ਵਿਚ ਸ਼ਾਮਿਲ ਹਨ। ਇਸ ਨਾਲ ਪੰਜਾਬ ਵਿਚ ਨਿੱਜੀ ਉਦਯੋਗਾਂ ਦੇ ਨਿਵੇਸ਼ ਦੇ ਵੱਧਣ- ਫੁੱਲਣ ਦੇ ਮੌਕੇ ਘਟੇ ਹਨ ਅਤੇ ਇਸ ਤਰ੍ਹਾਂ ਪੰਜਾਬ ਦੇ ਕੀਮਤੀ ਮਨੁੱਖੀ ਅਤੇ ਪੂੰਜੀ ਸਰੋਤਾਂ ਦਾ ਪਲਾਇਨ ਹੋ ਗਿਆ ਹੈ। ਇਕੱਠੇ ਮਿਲ ਕੇ, ਇਨ੍ਹਾਂ ਪੰਜ ਅੜਿੱਕਿਆਂ ਨੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਜਨਤਕ ਨੀਤੀ ਦੇ ਕਿਸੇ ਵੀ ਯਤਨ ਨੂੰ ਜੀਵੰਤ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਲਈ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੀ ਆਮ ਤੌਰ 'ਤੇ ਜਨਤਕ ਨੀਤੀ ਅਤੇ ਵਪਾਰਕ ਪਹੁੰਚ ਨੇ ਸਥਿਤੀ ਨੂੰ ਬਦਤਰ ਬਣਾ ਦਿੱਤਾ ਹੈ ਅਤੇ ਵਿਕਾਸ ਪ੍ਰਕਿਰਿਆ ਵਿਚ ਦਰਪੇਸ਼ ਰੁਕਾਵਟਾਂ ਨਾਲ ਨਜਿੱਠਣ ਲਈ ਔਕੜਾਂ ਪੈਦਾ ਕੀਤੀਆਂ ਹਨ। ਪੰਜਾਬ ਸਰਕਾਰ ਵੱਲੋਂ ਸੰਪੂਰਨ ਜਨਤਕ ਨੀਤੀਗਤ ਪਹੁੰਚ ਦੇ ਨਾਲ ਸੁਹਿਰਦ ਯਤਨ ਅਤੇ ਪਰਵਾਸੀਆਂ ਸਮੇਤ ਪੰਜਾਬ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਵਿਚ ਸ਼ਾਮਿਲ ਕਰਨ ਨਾਲ ਹਾਲਾਤ ਬਦਲ ਸਕਦੇ ਹਨ। ❑

# ਦਰੱਖਤਾਂ ਨੂੰ ਪਿਆਰ ਕਰਦੈ ਬੁਰਜ ਥਰੋੜ ਦਾ ਕਿਸਾਨ ਜਗਦੇਵ ਸਿੰਘ ਜੱਗਾ

## ਕਿਸਾਨ ਨੇ ਆਪਣੇ ਖੇਤ ਅਤੇ ਘਰ ਵਿੱਚ ਵੱਖ-ਵੱਖ ਕਿਸਮ ਦੇ 92 ਦਰੱਖਤ ਲਗਾਏ ਹੋਏ ਹਨ, ਜੋ ਫ਼ਸਲ ਵਾਂਗ ਹੀ ਇਨ੍ਹਾਂ ਦਰੱਖਤਾਂ ਨੂੰ ਪਾਲਦਾ ਹੈ

ਪੰਜਾਬ ਦੀ ਧਰਤੀ 'ਤੇ ਕਿਸੇ ਸਮੇਂ ਹਰ ਪਾਸੇ ਹਰਿਆਲੀ ਹੀ ਨਜ਼ਰ ਆਉਂਦੀ ਸੀ ਪ੍ਰੰਤੂ ਮੌਜੂਦਾ ਸਮੇਂ ਲਗਾਤਾਰ ਰੁੱਖਾਂ ਦਾ ਹੋ ਰਿਹਾ ਖਾਤਮਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵੱਲ ਹਾਲੇ ਸਮੇਂ ਦੀਆਂ ਸਰਕਾਰਾਂ ਦਾ ਬਹੁਤਾ ਧਿਆਨ ਲਈਂ ਜਾਪਦਾ ਅਤੇ ਸਬੰਧਤ ਜੰਗਲਾਤ ਵਿਭਾਗ ਦੇ ਅਧਿਕਾਰੀ ਵੀ ਹਾਲੇ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਜਿਸ ਕਰ ਕੇ ਲੋਕ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪਮੁਹਰੇ ਹੀ ਦਰੱਖਤਾਂ ਨੂੰ ਵੱਢ ਰਹੇ ਹਨ। ਸੜਕਾਂ ਕਿਨਾਰੇ ਬਣਨ ਵਾਲੀਆਂ ਇਮਾਰਤਾਂ, ਪੈਲੇਸ, ਪੈਟਰੋਲ ਪੰਪ ਆਦਿ ਨੂੰ ਰਸਤਾ ਬਣਾਉਣ ਲਈ ਦਰੱਖਤ ਵੱਢਣ ਦੀ ਨਿਯਮਾਂ ਅਨੁਸਾਰ ਮਨਜ਼ੂਰੀ ਲੈਣੀ ਪੈਂਦੀ ਹੈ, ਜੋ ਕਾਫੀ ਔਖਾ ਕੰਮ ਹੈ ਪਰ ਕੁਝ ਲੋਕ ਨਿਯਮਾਂ ਦੇ ਚੱਕਰ ਵਿਚ ਉਲਝਣ ਦੀ ਬਜਾਏ ਕੁਝ ਸਬੰਧਤ ਅਧਿਕਾਰੀਆਂ ਨਾਲ ਮਿਲੀਭੁਗਤ ਕਰ ਕੇ ਦਰੱਖਤਾਂ ਨੂੰ ਵੱਖ ਕੇ ਆਪਣੇ ਰਸਤੇ ਚਾਲੂ ਕਰ ਰਹੇ ਚਾਲੂ ਕਰ ਰਹੇ ਹਨ। ਜੇਕਰ ਇਸ ਮਾਮਲੇ ਦੀ ਜਾਂਚ ਹੋਵੇ ਤਾਂ ਵੱਡਾ ਘਪਲਾ ਸਾਹਮਣੇ ਆ ਸਕਦਾ ਹੈ। ਚੋਣਾਂ ਦੇ ਦਿਨਾਂ ਵਿਚ ਕੁਝ ਲੋਕਾਂ ਵੱਲੋਂ ਖੇਤਾਂ ਵਿਚ ਲਗਾਈ ਅੱਗ ਕਾਰਨ ਜਿੱਥੇ ਸੈਂਕੜੇ ਦਰੱਖਤ ਅੱਗ ਦੀ ਲਪੇਟ ਵਿਚ ਆਏ ਹਨ, ਉੱਥੇ ਇਸ ਅੱਗ ਕਾਰਨ ਕੁਝ ਕੀਮਤੀ ਜਾਨਾਂ ਵੀ ਚਲੀਆਂ ਗਈਆਂ ਹਨ। ਸੂਬਾ ਸਰਕਾਰ ਦਾ ਵੀ ਦਰੱਖਤਾਂ ਦੀ ਹੋ ਰਹੀ ਅੰਨ੍ਹੇਵਾਹ ਕਟਾਈ ਵੱਲ ਕੋਈ ਧਿਆਨ ਨਹੀਂ ਪ੍ਰੰਤੂ ਸਾਡੇ ਸਮਾਜ 'ਚ ਦਰੱਖਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਵੀ ਕੋਈ ਕਮੀ ਨਹੀਂ ਹੈ।

ਪਿੰਡ ਬੁਰਜ ਥਰੋੜ 10 ਏਕੜ ਜ਼ਮੀਨ ਦੇ ਮਾਲਕ ਕਿਸਾਨ ਜਗਦੇਵ ਸਿੰਘ ਜੱਗਾ ਪੁੱਤਰ ਚੰਦ ਸਿੰਘ ਨੇ ਆਪਣੇ ਖੇਤ ਵਿਚ ਘਰ ਵਿਚ ਵੱਖ-ਵੱਖ ਕਿਸਮ ਦੇ 92 ਦਰੱਖਤ ਲਗਾਏ ਹੋਏ ਹਨ, ਜੋ ਫਸਲ ਦੇ ਵਾਂਗ ਹੀ ਇਨ੍ਹਾਂ ਦਰੱਖਤਾਂ ਨੂੰ ਪਾਲਦਾ ਹੈ। ਜੇਕਰ ਸੂਬਾ ਸਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀ ਅਜਿਹੇ ਲੋਕਾਂ ਦਾ ਬਣਦਾ ਸਨਮਾਨ ਕਰਨ ਤਾਂ ਹੋਰਨਾ ਲੋਕਾਂ ਵਿਚ ਵੀ ਉਤਸ਼ਾਹ ਪੈਦਾ ਹੋ ਸਕਦਾ ਹੈ। ਕਿਸਾਨ ਜਗਦੇਵ ਸਿੰਘ ਜੱਗਾ ਨੇ ਆਪਣੇ ਖੇਤਾਂ ਵਿਚ 20 ਅਮਰੂਦ, 1 ਅੰਬ, 3 ਬੇਰੀਆਂ, 11 ਆਲੂਬੁਖਾਰਾ, 3 ਆੜੂ, 2 ਨਿੰਬੂ, 7 ਕਿੰਨੂ, 1 ਬਿੱਲ, 1 ਅੰਜੀਰ, 2 ਚੀਕੂ, 2 ਔਲਾ, 2 ਸੁਹੰਜਣਾ, 1 ਪਿੱਪਲ, 4 ਨਿੰਬੂ, 4 ਜਾਮਣ, 2 ਅੰਗੂਰ ਵੇਲ, 1 ਬੋਹੜ, 1 ਚਕਨਾਰ ਅਤੇ 3 ਜਾਮਣ ਦੇ ਦਰੱਖਤ ਲਗਾਏ ਹੋਏ ਹਨ। ਇਸ ਤਰ੍ਹਾਂ ਜਗਦੇਵ ਸਿੰਘ ਜੱਗਾ ਨੇ ਆਪਣੇ ਖੇਤਾਂ ਨੂੰ ਜਾਣ ਵਾਲੇ ਰਸਤੇ ਦੀ ਸਜਾਵਟ ਲਈ ਫੁੱਲਦਾਰ ਪੌਦੇ ਲਗਾਏ ਹੋਏ ਹਨ, ਜਿਨ੍ਹਾਂ ਵਿਚ ਕਰੀਬ 60 ਗੁਲਾਬ ਅਤੇ ਗੇਂਦੇ ਆਦਿ ਤੇ ਪੌਦੇ ਹਨ। ਇਸ ਤੋਂ ਕਿਸਾਨ ਜਗਦੇਵ ਸਿੰਘ ਨੇ ਹਲਦੀ ਸਮੇਤ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਵੀ ਬੀਜੀਆਂ ਹੋਈਆਂ ਹਨ। ਉਕਤ ਕਿਸਾਨ ਆਪਣੇ ਕਰੀਬ 27 ਮਰਲੇ ਦੇ ਘਰ ਵਿਚ 1 ਆੜੂ, 1 ਨੈਕਟਰ ਕਿਸਮ ਦਾ ਆੜੂ, 1 ਸੁਖਚੈਨ, 4 ਅਸ਼ੋਕਾ, 4 ਅਪੈਕਸ, 1 ਕਿੰਨੂ, 1 ਅਮਰੂਦ, 1 ਨਿੰਬੂ ਅਤੇ 2 ਵਧੀਆ ਕੁਆਲਟੀ ਵਿਚ ਅੰਗੂਰ ਦੀਆਂ ਵੇਲਾਂ ਲਗਾਈਆਂ ਹੋਈਆਂ ਹਨ। ਉਸ ਨੇ ਸਰਕਾਰਾਂ ਅਤੇ ਲੋਕਾਂ ਨਾਲ ਗਿਲਾ ਕਰਦੇ ਕਿਹਾ ਕਿ ਜੇ ਦਰੱਖਤਾਂ ਨੂੰ ਬਚਾਉਣ ਲਈ ਹੁਣ ਵੀ ਯਤਨ ਨਾ ਕੀਤੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪਛਤਾਵੇ ਤੋਂ ਸਿਵਾਏ ਸਾਡੇ ਪੱਲੇ ਕੱਖ ਨਹੀਂ ਰਹਿਣਾ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ। ਉਹ ਜੰਗਲਾਤ ਵਿਭਾਗ ਨੂੰ ਹਲੂਣਾ ਦੇਵੇ ਅਤੇ ਪਿੰਡਾਂ ਦੇ ਲੋਕਾਂ ਨੂੰ ਸੈਮੀਨਾਰ ਲਗਾ ਕੇ ਪੌਦੇ ਲਗਾਉਣ ਲਈ ਪ੍ਰੇਰਿਤ ਕਰੇ ਤਾਂ ਜੋ ਪੰਜਾਬ ਵਿਚ ਮੁੜ ਹਰਿਆਲੀ ਪੈਦਾ ਹੋ ਸਕੇ। ਉਨ੍ਹਾਂ ਕਿਹਾ ਕਿ ਜੇਕਰ ਹੋਰ ਨਹੀਂ ਤਾਂ ਘੱਟ ਘੱਟ ਫਲਦਾਰ ਪੌਦੇ ਹੀ ਖੇਤਾਂ ਅਤੇ ਘਰਾਂ ਵਿਚ ਲਗਾਏ ਜਾਣ ਤਾਂ ਬਿਨ੍ਹਾਂ ਰੇਅ ਸਪਰੇਅ ਤੋਂ ਪਰਿਵਾਰ ਨੂੰ ਫਰੂਟ ਮਿਲ ਸਕਦੇ ਹਨ। ਉਨ੍ਹਾਂ ਨੇ ਸੂਬਾ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਦਰੱਖਤ ਲਗਾਉਣ ਅਤੇ ਬਚਾਉਣ ਲਈ ਠੋਸ ਉਪਰਾਲੇ ਕਰਨ। ਉਕਤ ਕਿਸਾਨ ਦੇ ਇਸ ਉਪਰਾਲੇ ਦੀ ਇਲਾਕੇ ਭਰ ਵਿਚ ਖੂਬ ਸ਼ਲਾਘਾ ਹੋ ਰਹੀ ਹੈ ਉਮੀਦ ਹੈ ਕਿ ਪ੍ਰਸ਼ਾਸਨਿਕ ਅਧਿਕਾਰੀ ਵੀ ਅਜਿਹੇ ਲੋਕਾਂ ਦਾ ਹੌਸਲਾ ਵਧਾਉਣ ਦਾ ਯਤਨ ਕਰਨਗੇ।



### ਪੰਜਾਬ ਦੇ ਰਵਾਇਤੀ ਬੂਟਿਆਂ ਦਾ ਭਾਅ ਹੋਇਆ ਦੁੱਗਣਾ

ਲੋਕ ਸਭਾ ਚੋਣਾਂ ਤੋਂ ਬਾਅਦ ਸੂਬਾ ਸਰਕਾਰ ਦੇ ਜੰਗਲਾਤ ਵਿਭਾਗ ਨੇ ਰੁੱਖਾਂ ਦੇ ਬੂਟਿਆਂ ਦਾ ਦੁੱਗਣਾ ਭਾਅ ਕਰ ਦਿੱਤਾ ਹੈ। ਇਹੀ ਨਹੀਂ ਫੁੱਲਾਂ ਅਤੇ ਫਲਾਂ ਦੇ ਬੂਟੇ ਵੀ ਦੁੱਗਣੇ ਭਾਅ ਮਿਲਣਗੇ। ਹਾਲਾਂਕਿ ਇਸ ਪਿੱਛੇ ਜੰਗਲਾਤ ਵਿਭਾਗ ਦਾ ਤਰਕ ਹੈ ਇਸ ਨਾਲ ਬੂਟਿਆਂ ਦੀ ਬੇਕਦਰੀ ਘਟੇਗੀ ਅਤੇ ਜੰਗਲਾਤ ਵਿਭਾਗ ਦੀ ਆਮਦਨੀ ਦੁੱਗਣੀ ਹੋਵੇਗੀ ਪਰ ਜੰਗਲਾਤ ਵਿਭਾਗ ਦੇ ਇਸ ਫੈਸਲੇ ਨਾਲ ਪੰਜਾਬ ਵਿਚ ਆਪਣੇ ਖਰਚੇ 'ਤੇ ਰੁੱਖ ਲਗਾਉਣ ਵਾਲੀਆਂ ਸੰਸਥਾਵਾਂ ਦੀ ਜੇਬ 'ਤੇ ਦੁੱਗਣਾ ਭਾਰ ਪਵੇਗਾ।

ਜਾਣਕਾਰੀ ਅਨੁਸਾਰ ਜੰਗਲਾਤ ਵਿਭਾਗ ਵਲੋਂ ਪਹਿਲਾਂ ਰੁੱਖਾਂ ਦੀ ਵਰਾਇਟੀ ਵਿਚ ਸ਼ੀਸਮ, ਡੇਕ, ਨਿੰਮ, ਰਜਾਇਨ, ਸੁਖਚੈਨ ਅਤੇ ਹੋਰ ਬੂਟੇ 10 ਰੁਪਏ ਪ੍ਰਤੀ ਬੂਟੇ ਵੇਚਿਆ ਜਾਂਦਾ ਸੀ। ਇਨ੍ਹਾਂ ਦਾ ਰੇਟ ਹੁਣ ਵਧਾ ਕੇ ਦੁੱਗਣਾ ਕਰ ਦਿੱਤਾ ਗਿਆ ਹੈ ਭਾਵ ਹੁਣ ਪੰਜਾਬ ਦੇ ਇਹ ਰਵਾਇਤੀ ਬੂਟੇ ਹੁਣ 20 ਰੁਪਏ ਪ੍ਰਤੀ ਬੂਟਾ ਮਿਲਣਗੇ। ਇਸੇ ਤਰ੍ਹਾਂ ਫੁੱਲਾਂ ਅਤੇ ਫਲਾਂ ਵਿਚ ਚਾਂਦਨੀ, ਕਨੇਰ, ਕਲੀ, ਡਕੌਮਾ, ਅਰਜਨ, ਬਿੱਲ, ਅਮਰੂਦ, ਤੂਤ, ਅਨਾਰ ਅਤੇ ਕੜ੍ਹੀ ਪੱਤੀ 12 ਰੁਪਏ ਪ੍ਰਤੀ ਬੂਟੇ ਦੀ ਥਾਂ 25 ਰੁਪਏ ਮਿਲੇਗਾ। ਇਸੇ ਤਰ੍ਹਾਂ ਵੱਡਾ ਬੂਟਾ 25 ਰੁਪਏ ਦੀ ਥਾਂ ਹੁਣ 50 ਰੁਪਏ ਦਾ ਖਰੀਦਣਾ ਪਵੇਗਾ। ਜੰਗਲਾਤ ਵਿਭਾਗ ਵੱਲੋਂ ਕੁਝ ਦਿਨ ਪਹਿਲਾਂ ਹੀ ਇਹ ਨਵੀਂ ਰੇਟ ਸੂਚੀ ਸੂਬੇ ਦੀਆਂ ਸਾਰੀਆਂ ਨਰਸਰੀਆਂ ਨੂੰ ਜਾਰੀ ਕਰ ਦਿੱਤੇ ਗਏ ਹਨ। ਬੂਟਿਆਂ ਦੇ ਰੇਟਾਂ ਵਿਚ ਦੁੱਗਣਾ ਵਾਧਾ ਸਮਾਜ ਸੇਵੀ ਸੰਸਥਾਵਾਂ ਲਈ ਪਰੇਸ਼ਾਨੀ ਖੜ੍ਹੀ ਕਰੇਗਾ। ਇਨ੍ਹਾਂ ਸੰਸਥਾਵਾਂ ਦਾ ਮੰਨਣਾ ਹੈ ਕਿ ਅੱਜ ਪੰਜਾਬ ਵਿਚ ਲੱਖਾਂ ਰੁੱਖ ਲਗਾਉਣ ਦੀ ਲੋੜ ਹੈ ਅਤੇ ਇੰਨੀ ਵੱਡੀ ਰੁੱਖ ਲਗਾਉਣ ਦੀ ਇਸ ਮੁਹਿੰਮ ਨੂੰ ਇਕੱਲੀ ਸਰਕਾਰ ਅਤੇ ਸੰਸਥਾਵਾਂ ਵੀ ਮੁਕੰਮਲ ਨਹੀਂ ਕਰ ਸਕਦੀਆਂ। ਇਸ ਵਿਚ ਹਰ ਵਿਅਕਤੀ ਦੇ ਯੋਗਦਾਨ ਦੀ ਲੋੜ ਹੈ। ਅਜਿਹੇ ਵਿਚ ਸਮਾਜ ਸੇਵੀ ਸੰਸਥਾਵਾਂ ਜੋ ਦਾਨੀਆਂ ਦੇ ਸਹਿਯੋਗ ਨਾਲ ਹੀ ਰੁੱਖਾਂ ਦੇ ਬੂਟੇ ਖਰੀਦ ਕਰਕੇ ਆਪਣੇ ਪੱਧਰ 'ਤੇ ਲਗਾਉਂਦੇ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਦੇ ਹਨ। ਅਜਿਹੇ ਵਿਚ ਹੁਣ ਰੇਟ ਵਧਾਉਣ ਕਾਰਨ ਇਕਦਮ ਤੋਂ ਸੰਸਥਾਵਾਂ ਦਾ ਬਜਟ ਦੁੱਗਣਾ ਹੋ ਜਾਵੇਗਾ।

ਜਗਰਾਉਂ ਵਿਚ 50 ਹਜ਼ਾਰ ਬੂਟੇ ਲਗਾ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰ ਰਹੀ ਗਰੀਨ ਮਿਸ਼ਨ ਸੰਸਥਾ ਦੇ ਸਤਪਾਲ ਸਿੰਘ ਦੇਹੜਕਾ ਦਾ ਕਹਿਣਾ ਹੈ ਕਿ ਜੇ ਜੰਗਲਾਤ ਮਹਿਕਮੇ ਨੇ ਬੂਟਿਆਂ ਦੀ ਬੇਕਦਰੀ ਨੂੰ ਰੋਕਣ ਲਈ ਭਾਅ ਦੁੱਗਣਾ ਕੀਤਾ ਹੈ ਤਾਂ ਕੋਈ ਹਰਜ਼ ਨਹੀਂ ਪਰ ਸਮਾਜ ਸੇਵੀ ਸੰਸਥਾਵਾਂ ਨੂੰ ਪਹਿਲੇ ਭਾਅ ਹੀ ਬੂਟੇ ਮੁਹੱਈਆ ਕਰਵਾਉਣ ਲਈ ਵੀ ਕੋਈ ਯੋਜਨਾ ਉਲੀਕਣੀ ਚਾਹੀਦੀ ਹੈ। ਇਸ ਸਬੰਧੀ ਜਗਰਾਉਂ ਜੰਗਲਾਤ ਵਿਭਾਗ ਦੇ ਰੇਂਜ ਅਫਸਰ ਅਜੀਤ ਸਿੰਘ ਨੇ ਮੰਨਿਆ ਕਿ ਵਿਭਾਗ ਵੱਲੋਂ ਬੂਟਿਆਂ ਦਾ ਰੇਟ ਵਧਾਇਆ ਗਿਆ ਹੈ, ਜਿਸ ਦਾ ਮਕਸਦ ਵਿਭਾਗ ਦੀ ਆਮਦਨੀ ਨੂੰ ਵਧਾਉਣਾ ਅਤੇ ਬੂਟਿਆਂ ਦੀ ਬੇਕਦਰੀ ਨੂੰ ਰੋਕਣਾ ਹੈ। ਉਨ੍ਹਾਂ ਕਿਹਾ ਕਿ ਨਵੇਂ ਰੇਟ ਕਾਰਨ ਰੁੱਖ ਲਗਾਉਣ ਵਾਲਿਆਂ ਨੂੰ ਕੋਈ ਪਰੇਸ਼ਾਨੀ ਨਹੀਂ ਆਵੇਗੀ।

**- ਵੀਰਪਾਲ ਭਗਤਾ**

# ਭਰਪੂਰ ਪੌਸ਼ਟਿਕਤਾ ਦਾ ਖਜ਼ਾਨਾ ਹੈ ਮਾਈਕਰੋਗਰੀਨ



ਮਾਈਕਰੋਗਰੀਨ ਸਬਜ਼ੀਆਂ ਦੇ ਅਹਿਮ ਵਰਗ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਪੋਸ਼ਣ ਦੀ ਬਹੁਤਾਤ ਕਰਕੇ ਇਹਨਾਂ ਨੂੰ ਫੰਕਸ਼ਨਲ ਫੂਡ ਵੀ ਕਿਹਾ ਜਾਂਦਾ ਹੈ। ਇਹ ਇਕ ਖਾਸ ਕਿਸਮ ਦੀ ਫਸਲ ਹੈ ਜੋ ਕਿ ਕੋਮਲ ਅਤੇ ਛੋਟੇ ਆਕਾਰ (2.5-7.5 ਸੈ. ਮੀ.) ਦੀਆਂ ਕਰੂੰਬਲਾਂ ਦੇ ਰੂਪ ਵਿਚ ਸਬਜ਼ੀ, ਦਾਲਾਂ ਅਤੇ ਜੜ੍ਹੀ ਬੂਟੀਆਂ ਦੇ ਬੀਜ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਮਾਈਕਰੋਗਰੀਨ ਇਕ ਅਜਿਹੀ ਸਥਿਤੀ ਹੈ ਜੋ ਕਿ ਬੀਜ ਨੂੰ ਪੁੰਗਰਨ ਅਤੇ ਇਸਦੇ ਛੋਟੇ ਪੌਦੇ ਬਣਨ ਦੇ ਵਿਚਾਲੇ ਪਾਈ ਜਾਂਦੀ ਹੈ। ਆਮ ਤੌਰ ਉੱਪਰ ਮਾਈਕਰੋਗਰੀਨ ਨੂੰ ਬੀਜ ਦੇ ਪੁੰਗਰਣ ਉਪਰੰਤ 7 ਤੋਂ 14 ਦਿਨਾਂ ਵਿਚ ਕੱਟ ਲਿਆ ਜਾਂਦਾ ਹੈ। ਮਾਈਕਰੋਗਰੀਨ ਦੇ ਤਣੇ, ਮਹੀਨ ਪੱਤਿਆਂ ਅਤੇ ਛੋਟੇ ਪੱਤਿਆਂ ਨੂੰ ਖਾਇਆ ਜਾ ਸਕਦਾ ਹੈ। ਮਾਈਕਰੋਗਰੀਨ ਭਾਵੇਂ ਦੇਖਣ ਵਿਚ ਬਹੁਤ ਛੋਟੇ ਹੁੰਦੇ ਹਨ ਪਰ ਇਹ ਵਧੀਆ ਰੰਗ, ਤੇਜ਼ ਖੁਸ਼ਬੂ ਅਤੇ ਸੋਹਲ ਛੋਹ ਨਾਲ ਭਰਪੂਰ ਹੁੰਦੇ ਹਨ।

**ਮਾਈਕਰੋਗਰੀਨ : ਪੋਸ਼ਣ ਤੱਤਾਂ ਦੀ ਭਰਮਾਰ**

ਮਾਈਕਰੋਗਰੀਨ ਦੀਆਂ ਕਰੂੰਬਲਾਂ ਨੂੰ ਖਣਿਜ, ਵਿਟਾਮਿਨ ਅਤੇ ਸਿਹਤ ਸੰਭਾਲ ਵਾਲੇ ਪੋਸ਼ਣ ਤੱਤਾਂ ਦੀ ਭਰਪੂਰ ਮਾਤਰਾ ਹੋਣ ਕਾਰਣ ਸੁਪਰ ਫੂਡ ਵੀ ਕਿਹਾ ਜਾਂਦਾ ਹੈ।

★ ਮਾਈਕਰੋਗਰੀਨ ਵਿਚ ਪੋਸ਼ਕ ਤੱਤਾਂ ਦੀ ਭਰਮਾਰ ਪੂਰੀਆਂ ਪੱਕੀਆਂ ਸਬਜ਼ੀਆਂ ਦੇ ਮੁਕਾਬਲੇ ਲਗਭਗ ਦੁੱਗਣੀ ਹੁੰਦੀ ਹੈ।

★ ਇਹ ਐਂਟੀਔਕਸੀਡੈਂਟ ਅਤੇ ਖਣਿਜਾਂ (ਲੋਹਾ, ਪੋਟਾਸ਼ੀਅਮ, ਮੈਗਨੀਸ਼ੀਅਮ) ਨਾਲ ਭਰਪੂਰ ਹੁੰਦੇ ਹਨ।

★ ਇਹਨਾਂ ਵਿਚ ਬੀਟਾ ਕੈਰੋਟੀਨ, ਐਸਕੋਰਬਿਕ ਐਸਿਡ, ਵਿਟਾਮਿਨ 'ਈ' ਅਤੇ ਵਿਟਾਮਿਨ 'ਕੇ' ਜ਼ਿਆਦਾ ਵਿਚ ਪਾਏ ਜਾਂਦੇ ਹਨ।

★ ਫਾਇਟੋਨਿਊਟਰੀਐਂਟ ਅਤੇ ਐਂਟੀਔਕਸੀਡੈਂਟ ਦੀ ਬਹੁਤਾਤ ਹੋਣ ਕਰਕੇ ਇਹ ਰੋਗਾਂ ਨੂੰ ਦੂਰ ਰੱਖਦੇ ਹਨ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਂਦੇ ਹਨ।

ਉਪਰੋਕਤ ਖੂਬੀਆਂ ਸਦਕਾ ਮਾਈਕਰੋਗਰੀਨ ਚੰਗੀ ਸਿਹਤ ਪ੍ਰਦਾਨ ਕਰਨ ਦਾ ਸਬੱਬ ਬਣਦੇ ਹਨ।

**ਘਰ ਵਿਚ ਮਾਈਕਰੋਗਰੀਨ ਕਿਵੇਂ ਉਗਾਈਏ**

ਮਾਈਕਰੋਗਰੀਨ ਦੀ ਵਰਤੋਂ ਆਪਣੇ ਭੋਜਨ ਵਿਚ ਤਾਜ਼ੇ ਅਤੇ ਪੋਸ਼ਣਤਾ ਭਰਪੂਰ ਤੱਤਾਂ ਵਿਚ ਇਜ਼ਾਫੇ ਦਾ ਬਹੁਤ ਆਸਾਨ ਤਰੀਕਾ ਹੈ। ਖਪਤਕਾਰ ਇਹਨਾਂ ਨੂੰ ਆਪਣੇ ਘਰ ਵਿਚ ਸੀਮਿਤ ਥਾਂ, ਸੀਮਿਤ ਸਮੇਂ ਅਤੇ ਕਿਫਾਇਤੀ ਢੰਗ ਨਾਲ ਬੜੀ ਆਸਾਨੀ ਨਾਲ ਹਾਸਲ ਕਰ ਸਕਦੇ ਹਨ। ਸੌਂਫ, ਸੈਲਰੀ, ਧਨੀਆ, ਤੁਲਸੀ, ਸਰੋਂ, ਚੁਕੰਦਰ, ਬਰੌਕਲੀ, ਮੂੰਗੀ ਅਤੇ ਚਨੇ ਨੂੰ ਮਾਈਕਰੋਗਰੀਨ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਬੀਜ ਨੂੰ ਰਾਤ ਭਰ ਪਾਣੀ ਵਿਚ ਭਿਓਂ ਲੈਣਾ ਚਾਹੀਦਾ ਹੈ। ਫਿਰ ਕਿਸੇ ਵੀ ਗਮਲੇ ਜਾਂ ਪਲਾਸਟਿਕ ਦੀ ਟਰੇ ਵਿਚ ਮਿੱਟੀ ਜਾਂ ਜੈਵਿਕ ਮਿਸ਼ਰਣ ਪਾ ਕੇ ਭਿੱਜੇ ਹੋਏ ਬੀਜ਼ਾਂ ਨੂੰ ਇੱਕਸਾਰ ਫੈਲਾਅ ਕੇ ਬੀਜ ਦਿਓ। ਇਹ ਗਮਲਿਆਂ ਜਾਂ ਪਲਾਸਟਿਕ ਦੇ ਭਾਂਡਿਆਂ ਨੂੰ ਘੱਟ ਰੋਸ਼ਨੀ ਵਾਲੀ ਥਾਂ ਉੱਪਰ ਪਹਿਲੇ ਦੋ ਦਿਨ ਰੱਖਣਾ ਚਾਹੀਦਾ ਤਾਂ ਜੋ ਬੀਜ ਪੁੰਗਰ ਜਾਣ। ਬੀਜ ਪੁੰਗਰਨ ਤੋਂ ਬਾਅਦ ਭਾਂਡੇ ਜਾਂ ਗਮਲੇ ਨੂੰ ਸੂਰਜ ਦੀ ਰੋਸ਼ਨੀ ਵਾਲੀ ਥਾਂ ਉੱਪਰ ਰੱਖਿਆ ਜਾ ਸਕਦਾ ਹੈ ਅਤੇ ਇਸ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੁੰਗਰੇ ਬੀਜਾਂ ਨੂੰ ਲਗਾਤਾਰ ਨਮੀ ਮਿਲਦੀ ਰਹੇ। ਨਮੀ ਦੇਣ ਲਈ ਭਾਂਡੇ ਨੂੰ ਕਿਸੇ ਗਿੱਲੇ ਪੋਣੇ ਜਾਂ ਕੱਪੜੇ ਨਾਲ ਢਕਿਆ ਜਾ ਸਕਦਾ ਹੈ। 7 ਤੋਂ 10 ਦਿਨਾਂ ਬਾਅਦ ਮਾਈਕਰੋਗਰੀਨ ਕੱਟੇ ਜਾਣ ਲਈ ਤਿਆਰ ਹੋ ਜਾਂਦੇ ਹਨ।

**ਰੋਜ਼ਾਨਾ ਖੁਰਾਕ ਵਿਚ ਮਾਈਕਰੋਗਰੀਨ ਵੀ ਵਰਤੋਂ**

ਮਾਈਕਰੋਗਰੀਨ ਦਾ ਇਸਤੇਮਾਲ ਰੋਜ਼ਾਨਾ ਦੀ ਭੋਜਨ ਵਿਧੀ ਵਿਚ ਕੀਤਾ ਜਾ ਸਕਦਾ ਹੈ। ਇਹਨਾਂ ਦਾ ਇਸਤੇਮਾਲ ਸਲਾਦ ਦੇ ਤੌਰ ਉੱਪਰ, ਬਰੈਡ ਤੋਂ ਬਣੇ ਸੈਂਡਵਿਚ, ਚਟਨੀ ਵਿਚ ਅਤੇ ਰਾਇਤੇ ਵਿਚ ਪਾ ਕੇ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹਨਾਂ ਨੂੰ ਦਾਲਾਂ ਅਤੇ ਸਬਜ਼ੀਆਂ ਉੱਪਰ ਕੱਟ ਕੇ ਭੁੱਕਿਆ ਜਾ ਸਕਦਾ ਹੈ। ਇਹਨਾਂ ਦਾ ਇਸਤੇਮਾਲ ਸਿਰਫ ਸਿਹਤ ਅਤੇ ਪੌਸ਼ਟਿਕਤਾ ਵਧਾਉਣ ਲਈ ਹੀ ਨਹੀਂ ਸਗੋਂ ਖਾਣੇ ਦੀ ਦਿਖ, ਸਵਾਦ ਅਤੇ ਮਹਿਕ ਵਧਾਉਣ ਵਿਚ ਵੀ ਹੁੰਦਾ ਹੈ।

**ਸੋਨਿਕਾ ਸ਼ਰਮਾ, ਭੋਜਨ ਅਤੇ ਪੋਸ਼ਣ ਵਿਭਾਗ, ਪੀ. ਏ. ਯੂ., ਲੁਧਿਆਣਾ ਮੋ. 8146 1-22277**

# ਅੰਬ ਦੀ ਤੁੜਾਈ ਅਤੇ ਪਕਾਉਣ ਦੇ ਤਰੀਕੇ

**ਸਵਰੀਤ ਖਹਿਰਾ, ਨਵਪ੍ਰੇਮ ਸਿੰਘ ਅਤੇ ਬਿਕਰਮਜੀਤ ਸਿੰਘ,**
ਫਲ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

**ਭਾਰਤ ਵਿੱਚ ਅੰਬ ਨੂੰ ਫਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਇਹ ਫਲ ਸਾਰੇ ਭਾਰਤ ਵਿੱਚ ਪੈਦਾ ਹੋਣ, ਵਧੀਆ ਸੁਆਦ, ਵਧੇਰੇ ਪੌਸ਼ਟਿਕਤਾ ਅਤੇ ਉੱਤਮ ਗੁਣਵੱਤਾ ਕਰਕੇ ਪਸੰਦ ਕੀਤਾ ਜਾਂਦਾ ਹੈ। ਅੰਬ ਦੇ ਫਲ ਨੂੰ ਕੱਚੇ ਅਤੇ ਪੱਕਾ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।**

**ਫਲ ਦੇ ਪੱਕਣ ਦੀਆਂ ਨਿਸ਼ਾਨੀਆਂ** : ਰੰਗ ਦਾ ਬਦਲਣਾ (ਹਰੇ ਤੋਂ ਪੀਲਾ ਹੋਣਾ), ਡੰਡੀ ਵਾਲੇ ਪਾਸੇ ਮੋਢਿਆਂ ਦਾ ਬਣਨਾ, ਫਲ ਦੇ ਗੁੱਦੇ ਦਾ ਗਿੱਟਕ ਵਾਲੇ ਪਾਸਿਓਂ ਪੀਲਾ ਹੋਣਾ ਸ਼ੁਰੂ ਹੋਣਾ ਅਤੇ ਕੁੱਝ ਕਿਸਮਾਂ ਜਿਵੇਂ ਕਿ ਲੰਗੜਾ ਅਤੇ ਚੌਸਾ ਦਾ ਪਾਣੀ ਵਿੱਚ ਡੁੱਬ ਜਾਣਾ ਹਨ।



ਪੰਜਾਬ ਵਿੱਚ ਅੰਬ ਦੀਆਂ ਮੁੱਖ ਸਿਫਾਰਸ਼ ਕੀਤੀਆਂ ਕਿਸਮਾਂ ਦਸਹਿਰੀ, ਲੰਗੜਾ, ਅਲਫੋਂਜ਼ੋ ਅਤੇ ਚੂਪਣ ਵਾਲੇ ਅੰਬ (ਜੀ ਐਨ-1, ਜੀ ਐਨ-2, ਜੀ ਐਨ-3, ਜੀ ਐਨ-4, ਜੀ ਐਨ-5, ਜੀ ਐਨ-6, ਜੀ ਐਨ-7 ਅਤੇ ਗੰਗੀਆਂ ਸੰਧੂਰੀ (ਜੀ ਐਨ-19) ਹਨ। ਇਹ ਕਿਸਮਾਂ ਫਲ ਦੇ ਲੱਗਣ ਤੋਂ ਤਕਰੀਬਨ 15-16 ਹਫਤਿਆਂ ਬਾਅਦ ਪੱਕ ਜਾਂਦੀਆਂ ਹਨ।

ਅੰਬ ਦੇ ਫਲਾਂ ਨੂੰ ਉਸ ਵਕਤ ਤੋੜਨਾ ਚਾਹੀਦਾ ਹੈ, ਜਦੋਂ ਇਸ ਦਾ ਪੂਰਾ ਆਕਾਰ ਅਤੇ ਮਨਭਾਉਂਦਾ ਰੰਗ ਪ੍ਰਾਪਤ ਕਰ ਲੈਣ ਅਤੇ ਮਿਠਾਸ ਅਤੇ ਖੱਟੇ ਦੀ ਪੂਰੀ ਮਾਤਰਾ ਇਨ੍ਹਾਂ ਵਿੱਚ ਮੌਜੂਦ ਹੋਵੇ।

ਅੰਬਾਂ ਦੇ ਪੱਕਣ ਦੀ ਪਹਿਲੀ ਨਿਸ਼ਾਨੀ ਕੁਦਰਤੀ ਟਪਕਾ ਜਾਂ ਟਪਕਣਾ ਹੁੰਦਾ ਹੈ ਜੋ ਉਸ ਦੀ ਤੁੜਾਈ ਸ਼ੁਰੂ ਕਰਨ ਦਾ ਸੰਕੇਤ ਕਰਦੀ ਹੈ। ਦੂਜਾ ਤਰੀਕਾ ਫਲਾਂ ਦੇ ਲੱਗਣ ਤੋਂ 90-110 ਦਿਨਾਂ ਬਾਅਦ ਤੋੜਨ ਲਈ ਤਿਆਰ ਹੋਣਾ ਮੰਨਿਆ ਜਾਂਦਾ ਹੈ। ਰੰਗਦਾਰ ਕਿਸਮਾਂ ਵਿੱਚ ਫਲ ਉੱਪਰ ਰੰਗ ਦਾ ਆ ਜਾਣਾ ਵੀ ਪੱਕਣ ਦੀ ਨਿਸ਼ਾਨੀ ਹੈ। ਅੰਬ ਦੀ ਘਣਤਾ ਵੀ ਉਸ ਦੇ ਪੱਕਣ ਦੀ ਨਿਸ਼ਾਨੀ ਹੈ। ਜੇ ਅੰਬ ਪਾਣੀ ਵਿੱਚ ਡੋਬੇ ਜਾਣ ਤੇ ਇਹ ਡੁੱਬ ਜਾਣ ਤਾਂ ਇਸ ਦੀ ਘਣਤਾ ਤਕਰੀਬਨ 1.0 ਹੁੰਦੀ ਹੈ ਜੋ ਕਿ ਫਲ ਦੇ ਪੱਕਣ ਦਾ ਸੰਕੇਤ ਹੈ। ਫਲ ਦੇ ਪੱਕਣ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਉਸਦੇ ਗੁੱਦੇ ਦਾ ਰੰਗ ਚਿੱਟੇ ਤੋਂ ਹਲਕਾ ਪੀਲਾ ਹੋ ਗਿਆ ਹੈ ਅਤੇ ਉਸਦੀ ਗਿੱਟਕ ਸਖਤ ਹੋ ਗਈ ਹੈ।

**ਤੁੜਾਈ** : ਪੱਕਿਆ ਹੋਇਆ ਫਲ ਆਸਾਨੀ ਨਾਲ ਟਾਹਣੀ ਨਾਲੋਂ ਵੱਖ ਹੋ ਜਾਂਦਾ ਹੈ। ਅੰਬ ਤੁੜਾਈ ਉਪਰੰਤ ਪੱਕਣ ਵਾਲਾ ਫਲ ਹੈ ਅਤੇ ਇਸ ਲਈ ਜਦੋਂ ਫਲ ਪੂਰੀ ਤਰ੍ਹਾਂ ਤਿਆਰ ਪਰ ਸਖਤ ਹੋਣ ਉਦੋਂ ਤੋੜੋ। ਫਲਾਂ ਦੀ ਤੁੜਾਈ ਹਮੇਸ਼ਾਂ ਸਵੇਰੇ ਠੰਢੇ ਸਮੇਂ ਕਰਨੀ ਚਾਹੀਦੀ ਹੈ। ਦੂਰ ਦੀਆਂ ਮੰਡੀਆਂ ਲਈ ਫਲਾਂ ਦੀ ਤੁੜਾਈ ਸ਼ਾਮ ਸਮੇਂ ਕਰੋ। ਤੁੜਾਈ ਉਪਰੰਤ ਰਾਤ ਨੂੰ ਫਲਾਂ ਨੂੰ ਠੰਢਿਆਂ ਕਰਕੇ ਛਾਂਟੀ, ਦਰਜਾਬੰਦੀ ਅਤੇ ਡੱਬਾਬੰਦੀ ਕਰਨ ਮਗਰੋਂ ਸਵੇਰੇ ਤੜਕੇ ਹੀ ਮੰਡੀ ਲਈ ਭੇਜ ਦਿਉ। ਅੰਬ ਹਰੇ ਰੰਗ ਦੇ ਹੀ ਤੋੜ ਲੈਣੇ ਚਾਹੀਦੇ ਹਨ। ਤੁੜਾਈ ਸਮੇਂ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਫਲ ਧਰਤੀ 'ਤੇ ਨਾ ਡਿੱਗਣ।

ਕਈ ਵਾਰ ਵੱਧ ਮੁਨਾਫਾ ਕਮਾਉਣ ਲਈ ਫਲ ਨੂੰ ਪੱਕਣ ਤੋਂ ਪਹਿਲਾਂ ਹੀ ਤੋੜ ਲਿਆ ਜਾਂਦਾ ਹੈ। ਜੇ ਫਲ ਨੂੰ ਕੱਚਾ ਤੋੜ ਲਿਆ ਜਾਵੇ ਤਾਂ ਉਸ ਉੱਤੇ ਚਿੱਟੇ ਧੱਬੇ ਪੈ ਜਾਂਦੇ ਹਨ ਅਤੇ ਉਸ ਦੇ ਵਿੱਚ ਕਈਂ ਅੰਦਰੂਨੀ ਸਮੱਸਿਆਵਾਂ ਵੀ ਆ ਜਾਂਦੀਆਂ ਹਨ। ਅੰਬ ਦੀ ਛਿੱਲ ਫਟ ਜਾਵੇ ਤਾਂ ਉਸ ਵਿੱਚ ਬਿਮਾਰੀ ਲੱਗ ਜਾਂਦੀ ਹੈ ਅਤੇ ਫਲ ਖਰਾਬ ਹੋ ਜਾਂਦਾ ਹੈ। ਜ਼ਿਆਦਾ ਸਿੱਲ੍ਹੇ ਮੌਸਮ ਵਿੱਚ ਤੁੜਾਈ ਕਰਨ ਨਾਲ ਫਲਾਂ ਤੇ ਜੀਵਾਣੂਆਂ ਦਾ ਹਮਲਾ ਹੋਣ ਦੇ ਆਸਾਰ ਵੱਧ ਜਾਂਦੇ ਹਨ। ਅੰਬ ਦੀ ਤੁੜਾਈ ਦਾ ਸਮਾਂ ਮੰਡੀ ਦੀ ਦੂਰੀ, ਮੰਡੀ ਵਿੱਚ ਫਲ ਦੀ ਆਮਦ ਅਤੇ ਕੀਮਤ ਨੂੰ ਧਿਆਨ ਵਿੱਚ ਰੱਖ ਕੇ ਤਹਿ ਕਰਨਾ ਚਾਹੀਦਾ ਹੈ।

**ਤੁੜਾਈ ਦੇ ਢੰਗ** : ਅੰਬ ਪੌੜੀ ਲਾ ਕੇ ਹੱਥ ਨਾਲ ਤੋੜ ਕੇ ਥੈਲੇ ਵਿੱਚ ਪਾਉ ਜਾਂ ਅੰਬ ਪਿੱਕਰ (ਬਾਂਸ ਦੀ ਸੋਟੀ ਨਾਲ ਲੱਗੀ ਤਿੱਖੀ ਹੁੱਕ ਅਤੇ ਉਸ ਨਾਲ ਅੰਬ ਇਕੱਠੇ ਕਰਨ ਲਈ ਛਿੱਕੂ ਬੰਨਿਆ ਹੋਵੇ) ਨਾਲ ਕਰਨੀ ਚਾਹੀਦੀ ਹੈ। ਤੁੜਾਈ ਵੇਲੇ ਖਾਸ ਧਿਆਨ ਰੱਖੋ ਕਿ ਡੰਡੀ ਵਿੱਚੋਂ ਰਸ ਨਿਕਲ ਕੇ ਫਲ ਦੇ ਉੱਪਰ ਨਾ ਪਵੇ ਕਿਉਂਕਿ ਇਸ ਨਾਲ ਫਲ 'ਤੇ ਧੱਬੇ ਜਾਂ ਧਾਰੀਆਂ ਪੈ ਜਾਂਦੀਆਂ ਹਨ। ਤੋੜਨ ਤੋਂ ਤੁਰੰਤ ਮਗਰੋ ਫਲਾਂ ਨੂੰ ਛਾਂ ਹੇਠ ਹਵਾਦਾਰ ਥਾਂ ਜਾਂ ਸ਼ੈੱਡ ਵਿੱਚ ਹੌਲੀ ਹੌਲੀ ਢੇਰੀ ਕਰੋ।

**ਤੁੜਾਈ ਉਪਰੰਤ ਸਾਂਭ-ਸੰਭਾਲ ਅਤੇ ਮੰਡੀਕਰਨ** : ਲੋਕਾਂ ਨੂੰ ਵਧੀਆ ਗੁਣਵੱਤਾ ਦਾ ਫਲ ਮੁਹੱਈਆ ਕਰਾਉਣ



ਅਤੇ ਕਾਸ਼ਤਕਾਰ ਨੂੰ ਵੱਧ ਮੁਨਾਫਾ ਦੇਣ ਲਈ ਤੁੜਾਈ ਉਪਰੰਤ ਫਲ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ। ਲਗਭਗ 20-25 ਪ੍ਰਤੀਸ਼ਤ ਪੱਕਾ ਹੋਇਆ ਫਲ ਤੁੜਾਈ, ਗਰੇਡਿੰਗ, ਪੈਕਿੰਗ ਅਤੇ ਪ੍ਰੋਸੈਸਿੰਗ ਸਹੀ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ।

**ਦਰਜਾਬੰਦੀ (ਗਰੇਡਿੰਗ) ਅਤੇ ਪੈਕਿੰਗ** : ਮੰਡੀ ਭੇਜਣ ਲਈ ਅੰਬਾਂ ਦੀ ਦਰਜਾਬੰਦੀ ਕਰਕੇ ਡੱਬਿਆਂ ਵਿੱਚ ਬੰਦ ਕਰਨਾ ਚਾਹੀਦਾ ਹੈ। ਇਹ ਦਰਜਾਬੰਦੀ ਆਕਾਰ, ਭਾਰ ਅਤੇ ਪੱਕਣ ਅਨੁਸਾਰ ਕੀਤੀ ਜਾਂਦੀ ਹੈ। ਦਰਜਾਬੰਦੀ ਕਰਦੇ ਸਮੇਂ ਨਕਾਰਾ, ਛੋਟੇ ਆਕਾਰ ਦੇ, ਕੱਚੇ, ਵੱਧ ਪੱਕੇ, ਬੇਢੱਬੇ, ਦਾਗੀ, ਪੰਛੀਆਂ ਦੁਆਰਾ ਖਰਾਬ ਕੀਤੇ ਫਲ ਵੱਖਰੇ ਕਰ ਦੇਣੇ ਚਾਹੀਦੇ ਹਨ। ਭਾਰ ਦੇ ਅਨੁਸਾਰ ਅੰਬਾਂ ਦੀ ਦਰਜਾਬੰਦੀ 'ਏ' ਗਰੇਡ (200-350 ਗ੍ਰਾਮ), 'ਬੀ' ਗਰੇਡ (351-550 ਗ੍ਰਾਮ) ਅਤੇ 'ਸੀ' ਗਰੇਡ (551-800 ਗ੍ਰਾਮ) ਦੇ ਹਿਸਾਬ ਨਾਲ ਕੀਤੀ ਜਾਂਦੀ ਹੈ। ਵੱਖ-ਵੱਖ ਗਰੇਡਾਂ ਵਿੱਚ ਵੰਡਣ ਉਪਰੰਤ ਅੰਬਾਂ ਨੂੰ 45-50 ਸੈਂਟੀਗਰੇਡ ਗਰਮ ਪਾਣੀ ਵਿੱਚ ਪਾ ਕੇ ਧੋ ਲਵੋ। ਫਲਾਂ ਨੂੰ ਫਿਰ ਸਟਾਫਰੈਸ਼ ਮੋਮ ਮਿਸ਼ਰਨ ਲਗਾ ਕੇ ਕੁੱਝ ਸਮਾਂ ਸੁੱਕਣ ਦਿਉ ਅਤੇ 45x25x25 ਸੈਂਟੀਮੀਟਰ ਦੇ 5 ਪਲਾਈ ਦੇ ਡੱਬੇ ਵਿੱਚ 2-3 ਤਹਿਆਂ ਵਿੱਚ ਬੰਦ ਕਰਕੇ ਮੰਡੀਕਰਨ ਕਰੋ।

**ਫਲਾਂ ਨੂੰ ਪਕਾਉਣਾ** : ਅੰਬਾਂ ਨੂੰ ਪਕਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ। ਭਾਰਤ ਵਿਚ 99 ਪ੍ਰਤੀਸ਼ਤ ਅੰਬ ਦਾ ਫਲ ਕੈਲਸ਼ੀਅਮ ਕਾਰਬਾਈਡ ਜਿਸ ਨੂੰ ਮਸਾਲਾ ਵੀ ਕਿਹਾ ਜਾਂਦਾ ਹੈ, ਨਾਲ ਪਕਾਇਆ ਜਾਂਦਾ ਹੈ। ਇਸ ਨਾਲ ਪਕਾਏ ਅੰਬ ਘੱਟ ਗੁਣਵੱਤਾ ਅਤੇ ਸੁਆਦ ਵਾਲੇ ਹੁੰਦੇ ਹਨ। ਭਾਰਤ ਸਰਕਾਰ ਵੱਲੋਂ ਇਸ ਜ਼ਹਿਰੀਲੇ ਰਸਾਇਣ ਨਾਲ ਫਲ ਪਕਾਉਣ 'ਤੇ ਪਾਬੰਦੀ ਲਗਾਈ ਗਈ ਹੈ। ਨਮੀਂ ਦੇ ਸੰਪਰਕ ਵਿੱਚ ਆਉਣ ਨਾਲ ਕੈਲਸ਼ੀਅਮ ਕਾਰਬਾਈਡ ਗਰਮੀ ਅਤੇ ਐਸਿਟੀਲੀਨ ਗੈਸ ਪੈਦਾ ਕਰਦਾ ਹੈ ਜੋ ਕਿ ਫਲ ਪਕਾਉਣ ਦਾ ਕੰਮ ਕਰਦੀ ਹੈ। ਐਸਿਟੀਲੀਨ ਗੈਸ ਦਿਮਾਗ ਨੂੰ ਆਕਸੀਜਨ ਦੀ ਸਪਲਾਈ ਘਟਾ ਦਿੰਦੀ ਹੈ ਜਿਸ ਨਾਲ ਦਿਮਾਗ ਦੀਆਂ ਨਸਾਂ ਪ੍ਰਭਾਵਿਤ ਹੁੰਦੀਆਂ ਹਨ।

ਚੰਗੀ ਤਰ੍ਹਾਂ ਪੱਕੇ ਅਤੇ ਵਧੀਆ ਗੁਣਵੱਤਾ ਦੇ ਫਲ ਲੈਣ ਲਈ ਸਭ ਤੋਂ ਸੁਰੱਖਿਅਤ ਤਰੀਕਾ ਐਥੀਫੋਨ ਦੀ ਵਰਤੋਂ ਕਰਕੇ ਅੰਬ ਪਕਾਉਣਾ ਹੈ। ਐਥੀਫੋਨ ਫਲ ਵਿੱਚ ਮਿਠਾਸ ਅਤੇ ਸਵਾਦ ਬਰਕਰਾਰ ਰੱਖਦਾ ਹੈ, ਗੁਣਵੱਤਾ ਵਿੱਚ ਵਾਧਾ ਕਰਦਾ ਹੈ ਅਤੇ ਇਕਸਾਰ ਰੰਗ ਦਿੰਦਾ ਹੈ। ਜੂਨ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਹਫਤੇ ਤੋੜ ਕੇ ਐਲਫੈਂਜ਼ੋ ਦੇ ਫਲ 4 ਦਿਨਾਂ ਵਿੱਚ ਪਕਾਏ ਜਾ ਸਕਦੇ ਹਨ। ਇਸ ਲਈ ਫਲਾਂ ਨੂੰ 600 ਪੀ ਪੀ ਐਮ ਐਥੀਫੋਨ (1.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 4 ਮਿੰਟਾਂ ਲਈ ਡੋਬੋ। ਇਸ ਉਪਰੰਤ ਅੰਬਾਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਕਾਗਜ਼ ਲੱਗੇ ਲੱਕੜ ਦੇ ਡੱਬਿਆਂ ਵਿੱਚ ਪੈਕ ਕਰ ਦਿਉ।

ਫਲਾਂ ਨੂੰ ਤੋੜਨ ਉਪਰੰਤ ਸਾਫ ਪਾਣੀ ਨਾਲ ਧੋ ਕੇ 0.01 ਫੀਸਦੀ ਕਲੋਰੀਨ ਵਾਲੇ ਪਾਣੀ (ਸੋਡੀਅਮ ਹਾਈਪੋਕਲੋਰਾਈਟ 4% 2.5 ਮਿਲੀਲਿਟਰ ਪ੍ਰਤੀ ਲੀਟਰ ਪ੍ਰਤੀ ਲੀਟਰ ਪਾਣੀ) ਵਿੱਚ ਡੁਬੋ ਕੇ ਕੀਟਾਣੂ ਰਹਿਤ ਕਰੋ ਅਤੇ ਛਾਂ ਹੇਠ ਸੁਕਾਉ। ਲੰਗੜਾ ਅਤੇ ਦੁਸਹਿਰੀ ਕਿਸਮਾਂ ਦੇ ਫਲਾਂ ਨੂੰ 4-5 ਦਿਨਾਂ ਵਿੱਚ ਪਕਾਉਣ ਲਈ ਫਲਾਂ ਨੂੰ ਪੱਕਣਯੋਗ ਅਵਸਥਾ 'ਤੇ ਤੋੜ ਕੇ ਗੱਤੇ ਦੇ ਡੱਬੇ ਵਿੱਚ ਕਾਗਜ਼ ਦੀ ਤਹਿ ਲਗਾ ਕੇ ਬੰਦ ਕਰੋ। ਇਸ ਉਪਰੰਤ ਇਸ ਨੂੰ 25 ਡਿਗਰੀ ਤਾਪਮਾਨ 'ਤੇ ਰੱਖਣ ਨਾਲ ਫਲ ਇਕਸਾਰ ਪੱਕ ਜਾਂਦੇ ਹਨ।

# ਚੱਕੀ ਝੋ, ਮਧਾਣੀ ਪਾ, ਪਾਣੀ ਢੋ, ਗੋਹਾ ਸੁੱਟਣ ਜਾ

**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਇਹ ਸਾਰੀਆਂ ਬਾਤਾਂ ਪੇਂਡੂ ਸੁਵਾਣੀਆਂ ਤੇ ਲਾਗੂ ਹੁੰਦੀਆਂ ਹਨ। ਜਦ ਰਿਸ਼ਤੇ ਲਏ ਜਾਂਦੇ ਸਨ ਸਭ ਤੋਂ ਪਹਿਲਾਂ ਪੁੱਛ ਗਿੱਛ ਕੀਤੀ ਜਾਂਦੀ ਸੀ ਕਿ ਆਪਣੀ ਲੜਕੀ ਧਾਰ ਵਗੈਰ ਕੱਢਣ ਜਾਣਦੀ ਹੈ ਹੋਰ ਕੱਤਣਾ, ਕੱਢਣਾ ਤੋਂ ਇਲਾਵਾ ਘਰੇਲੂ ਕੰਮਾਂ ਬਾਰੇ ਪੂਰਾ ਵਿਸਥਾਰ ਪੂਰਵਕ ਜਾਣਿਆ ਜਾਂਦਾ ਸੀ ਅਤੇ ਸੇਹਤ ਬਾਰੇ ਗੁਪਤ ਨਿਰੀਖਣ ਕਰਿਆ ਜਾਂਦਾ ਸੀ ਅਤੇ ਖੇਤੀ ਦਾ ਕੰਮ ਜ਼ੋਰ ਵਾਲਾ ਕਰਨ ਯੋਗ ਹੈ। ਕੰਮ ਸੱਭਿਆਚਾਰ ਦੀ ਜਾਣਕਾਰੀ ਸਿੱਖਿਆ ਲੜਕੀ ਨੂੰ ਮਾਪਿਆਂ ਕੋਲੋਂ ਹੀ ਹਾਸਲ ਹੁੰਦੀ ਸੀ ਅਤੇ ਸਾਂਝੇ ਪਰਿਵਾਰਾਂ ਵਿਚ ਦਾਦਾ, ਪੜਦਾਦਾ, ਪੋਤੇ ਪੋਤੀਆਂ ਪੜੋਤੇ, ਪੜੋਤੀਆਂ, ਨੂੰਹਾਂ ਧੀਆਂ, ਪੁੱਤ ਨੂੰਹਾਂ ਸ਼ਾਮਲ ਹੁੰਦੀਆਂ ਸਨ। ਮੇਰੇ ਬਾਪ ਨੇ ਕਹਿਣਾ ਮੇਰੀਆਂ ਬੇਟੀਆਂ ਤਾਂ ਨਗੌਰ ਦੇ ਵੇੜਕੇ ਹਨ ਕਿਉਕਿ ਮੇਰੀਆਂ ਭੈਣਾਂ ਬਹੁਤ ਸਰੀਰਕ ਨਰੋਈਆਂ ਸਨ ਤੇ ਖੇਤੀ ਦਾ ਕੰਮ ਉਹਨਾਂ ਦੇ ਨਿੱਕੇ ਹੁੰਦਿਆਂ ਹੱਥੀਂ ਲੱਗਿਆ ਸੀ। ਗੋਹਾ ਕੂੜਾ ਕਰਕੇ ਦੁੱਧ ਵਗੈਰਾ ਸਾਂਭ ਕੇ ਪਾਣੀ ਭਰਕੇ ਖੇਤੀ ਮੇਰੇ ਬਾਪ ਨਾਲ ਪੂਰਾ ਕੰਮ ਬਰਾਬਰ ਕਰਦੀਆਂ ਸਨ। ਮੇਰੀ ਮਾਤਾ ਚੱਕੀ ਰੋਜ਼ ਚਲਾਉਂਦੀ ਸੀ। ਪਸ਼ੂਆਂ ਦਾ ਦਾਣਾ ਰੋਜ਼ ਸਵੇਰੇ 4 ਵਜੇ ਉੱਠ ਕੇ ਦਿਨ ਚੜ੍ਹਦੇ ਪਸ਼ੂਆਂ ਜੋਗਾ ਦੋ ਦਿਨ ਦਾ ਦਾਣਾ ਪੀਹ ਲੈਂਦੀ ਸੀ। ਫੇਰ ਘਰ ਵਾਸਤੇ ਵੀ ਆਟਾ ਘਰੇ ਹੀ ਪੀਹ ਲੈਂਦੀ ਸੀ। ਉਹ ਚੱਕੀ ਅੱਜ ਵੀ ਸਾਡੇ ਘਰ ਉਸਦੀ ਯਾਦ ਰੂਪੀ ਰੱਖੀ ਹੈ। ਕਈ ਘਰੇ ਜਣੇਪਾ ਵਗੈਰਾ ਹੋਣਾ ਨਾਲੇ ਤਾਂ ਨੂੰਹ ਧੀ ਨੂੰ ਸਾਂਭਣਾ ਨਾਲੇ ਸਾਰਾ ਘਰ ਦਾ ਕੰਮ ਕਰਨਾ। ਪਰਿਵਾਰ ਦੇ ਸਮਰਪਿਤ ਹੋ ਕੇ ਕੰਮ ਕਰਨ ਵਿਚ ਵਿਸ਼ਵਾਸ ਰੱਖਦੀ ਸੀ। ਪਰਿਵਾਰ ਵਿਚ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ ਜੋ ਵੀ ਕੰਮ ਹੁੰਦਾ, ਪਰਿਵਾਰ ਦੇ ਹਿੱਤਾਂ ਨੂੰ ਮੁੱਖ ਰੱਖਿਆ ਜਾਂਦਾ ਸੀ। ਸਾਰੀ ਕਮਾਈ ਸਾਂਝੀ ਹੁੰਦੀ ਸੀ। ਚੱਕੀ ਚਲਾਉਣੀ ਮਧਾਣੀ ਨਾਲ ਦੁੱਧ ਰਿੜਕਣਾ, ਪਾਣੀ ਢੋਹਣਾ, ਗੋਹਾ ਸੁੱਟਣਾ ਇਹ ਰੋਜ਼ ਦਾ ਕੰਮ ਸੀ। ਇਸ ਤੋਂ ਇਲਾਵਾ ਸੇਵੀਆਂ ਵਟਣੀਆਂ, ਘਾਠ ਕੁੱਟਣੀ, ਵੰਡ ਵੜੇਵਾਂ, ਉਖਲੀ ਵਿਚ ਕੁਟਣੀ ਬਕਲੀਆਂ ਕੁੱਟਣੀਆਂ, ਪੀਹ ਕਰਨਾ ਆਦਿ ਸ਼ਾਮਲ ਹੁੰਦੇ ਸਨ। ਵੱਡੀ ਉਮਰ ਦੀਆਂ ਸੁਆਣੀਆਂ ਸਾਰਾ ਦਿਨ ਲਗਾਤਾਰ ਕੰਮ ਕਰਦੀਆਂ ਸਨ। ਖੇਤੀਬਾੜੀ ਘਰ ਦਾ ਕੰਮ ਸਾਰਾ ਸਾਲ ਨਾ ਮੁੱਕਦਾ ਸੀ। ਵੱਡੀਆਂ ਔਰਤਾਂ ਦਾ ਤਜਰਬਾ ਬੋਲਦਾ ਸੀ ਕਿਵੇਂ ਕੰਮ ਕਰਨਾ ਹੈ।

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

**ਪਾਪੂਲਰ** : ਜੇਕਰ ਚੰਗੀ ਬਰਸਾਤ ਨਾ ਹੋਵੇ ਪਾਪੂਲਰ ਨੂੰ ਹਫਤੇ ਦੇ ਵਕਫੇ ਨਾਲ ਸਿੰਚਾਈ ਦਿੰਦੇ ਰਹੋ। ਪਾਪੂਲਰ ਦੀ ਨਰਸਰੀ ਵਿੱਚੋਂ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰਨ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਬੂਟਿਆਂ ਦੇ ਚੰਗੇ ਵਾਧੇ ਲਈ ਦਰਮਿਆਨੀਆਂ ਜ਼ਮੀਨਾਂ ਵਿਚ ਸਿਫਾਰਿਸ਼ ਕੀਤੀ ਯੂਰੀਆ



(1,2,3,4,5 ਅਤੇ 6 ਸਾਲ ਉਮਰ ਦੀਆਂ ਪਲਾਂਟੇਸ਼ਨਾਂ ਨੂੰ ਕ੍ਰਮਵਾਰ 55,85,115,145,175 ਅਤੇ 205 ਗ੍ਰਾਮ ਪ੍ਰਤੀ ਬੂਟਾ) ਜੁਲਾਈ ਵਿਚ ਪਾਓ।

**ਕਲੋਨਲ ਸਫੈਦੇ ਲਈ ਖਾਦਾਂ ਦੀ ਲੋੜ** : ਬੂਟੇ ਲਾਉਣ ਸਮੇਂ 50 ਗ੍ਰਾਮ ਐਸ ਐਸ ਪੀ (SSP) ਹਰ ਬੂਟੇ ਨੂੰ ਪਾਓ। ਉਸ ਤੋਂ ਬਾਅਦ ਪਹਿਲੇ, ਦੂਜੇ, ਤੀਜੇ ਚੌਥੇ, ਪੰਜਵੇਂ ਅਤੇ ਛੇਵੇਂ ਸਾਲ ਕ੍ਰਮਵਾਰ 65-125-35, 130-250-65, 195-375-100, 260-500-135,



325-625-165 ਅਤੇ 390-750-200 ਗ੍ਰਾਮ/ਬੂਟਾ-ਐਸ ਐਸ ਪੀ ਓ ਪੀ ਪਾਉਣਾ ਚਾਹੀਦਾ ਹੈ। ਪੋਟਾਸ਼ ਸਿਰਫ ਉਨ੍ਹਾਂ ਜ਼ਮੀਨਾਂ ਵਿਚ ਹੀ ਪਾਓ ਜਿੱਥੇ ਪੋਟਾਸ਼ ਦੀ ਮਾਤਰਾ ਘੱਟ ਹੈ (55 ਕਿਲੋ/ਏਕੜ ਤੋਂ ਘੱਟ)। ਹਰ ਸਾਲ ਸਾਰੀ ਫਾਸਫੋਰਸ, ਪੋਟਾਸ਼ ਅਤੇ ਇਕ ਤਿਹਾਈ ਨਾਈਟ੍ਰੋਜਨ ਅਪ੍ਰੈਲ, ਇਕ ਤਿਹਾਈ ਨਾਈਟ੍ਰੋਜਨ ਜੁਲਾਈ ਅਤੇ ਬਾਕੀ ਇੱਕ ਇਕ ਤਿਹਾਈ ਨਾਈਟ੍ਰੋਜਨ ਅਕਤੂਬਰ ਵਿਚ ਪਾਓ।

**ਸਜਾਵਟੀ ਬੂਟੇ** : ਬਰਸਾਤਾਂ ਸ਼ੁਰੂ ਹੋਣ ਦੇ ਨਾਲ ਹੀ ਸਜਾਵਟੀ ਰੁੱਖ, ਝਾੜੀਆਂ ਅਤੇ ਵੇਲਾਂ ਨੂੰ ਪਹਿਲਾਂ ਤੋਂ ਵਿਉਂਤਬੰਦੀ ਅਨੁਸਾਰ ਤਿਆਰ ਕੀਤੇ ਗਏ ਟੋਇਆਂ ਵਿੱਚ ਲਾਇਆ ਜਾ ਸਕਦਾ ਹੈ। ਇਸ ਮੌਸਮ ਵਿਚ ਬਹੁਤ ਸਾਰੀਆਂ ਝਾੜੀਆਂ ਅਤੇ ਵੇਲਾਂ ਦਾ ਵਾਧਾ ਇਹਨਾਂ ਦੇ ਟੂਸਿਆਂ ਨੂੰ ਤੋੜ ਕੇ ਤਿਆਰ ਕੀਤੀਆਂ ਕਲਮਾਂ ਨੂੰ ਰੇਤ ਵਿਚ ਲਗਾ ਕੇ ਵੀ ਕੀਤਾ ਜਾ ਸਕਦਾ ਹੈ।

**ਗਮਲਿਆਂ ਦੇ ਬੂਟੇ** : ਗਮਲਿਆਂ ਵਿੱਚ ਪਹਿਲਾਂ ਤੋਂ ਹੀ ਲੱਗੇ ਪੁਰਾਣੇ ਬੂਟਿਆਂ ਨੂੰ ਕੱਢ ਕੇ ਗਮਲੇ ਨੂੰ ਨਵੇਂ ਸਿਰਿਓਂ ਖਾਦ (ਗਲੀ ਸੜੀ ਰੂੜੀ) ਅਤੇ ਮਿੱਟੀ ਦੇ ਮਿਸ਼ਰਣ ਨਾਲ ਭਰ ਕੇ ਨਵੇਂ ਤਿਆਰ ਕੀਤੇ ਬੂਟਿਆਂ ਨੂੰ ਦੁਬਾਰਾ ਲਗਾਓ। ਹਲਕੀ ਬਰਸਾਤ ਵਿਚ ਪੱਤੇਦਾਰ ਗਮਲਿਆਂ ਦੇ ਬੂਟਿਆਂ ਨੂੰ ਵਿਹੜੇ ਵਿੱਚ ਰੱਖ ਦਿਉ ਜਿਸ ਨਾਲ ਬੂਟਿਆਂ ਵਿੱਚ ਨਿਖਾਰ ਆਵੇਗਾ। ਪੁਰਾਣੇ ਗਮਲਿਆਂ ਵਿੱਚ ਬੂਟਿਆਂ ਨੂੰ ਵੱਖ-ਵੱਖ ਗਮਲਿਆਂ ਵਿੱਚ ਲਾ ਦਿਉ।

**ਲਾਅਨ** : ਜੂਨ ਮਹੀਨੇ ਤਿਆਰ ਕੀਤੀ ਜਗ੍ਹਾ ਉੱਪਰ ਵਿੱਚ ਘਾਹ ਲਾ ਦਿਉ। ਘਾਹ ਦੀਆਂ ਜੜ੍ਹਾਂ ਦੇ ਛੋਟੇ-ਛੋਟੇ ਗੁੱਛੇ 10-15 ਸੈਂਟੀਮੀਟਰ ਦੀ ਦੂਰੀ ਉੱਪਰ ਲਗਾਉਣ ਉਪਰੰਤ ਪਾਣੀ ਦਿਉ ਤਾਂ ਜੋ ਜੜ੍ਹਾਂ ਦੀ ਮਿੱਟੀ ਨਾਲ ਪਕੜ ਬਣੀ ਰਹੇ। ਘਾਹ ਨੂੰ ਪਾਣੀ ਮੌਸਮ ਨੂੰ ਵਾਚਦੇ ਹੋਏ ਲੋੜ ਅਨੁਸਾਰ ਹੀ ਲਗਾਓ। ਪੁਰਾਣੇ ਲਾਅਨ ਨੂੰ ਮੁੜ ਸੁਰਜੀਤ ਕਰਨ ਲਈ ਉੱਪਰੋਂ ਹਲਕਾ ਛਿੱਲ ਮਿੱਟੀ ਅਤੇ ਪੱਤਿਆਂ ਦੀ ਖਾਦ ਨਾਲ ਢੱਕ ਅਤੇ ਪਾਣੀ ਲਗਾਓ। ਪਾਣੀ ਲੱਗੇ ਘਾਹ ਉੱਪਰ ਚੱਲਣ ਤੋਂ ਗੁਰੇਜ਼ ਕਰੋ।

**ਗੁਲਦਾਉਦੀ** : ਪਿਛਲੇ ਮਹੀਨੇ ਰੇਤੇ ਵਿਚ ਲਾਈਆਂ ਕਲਮਾਂ ਵਿਚ ਜੜ੍ਹਾਂ ਤਿਆਰ ਹੋ ਗਈਆਂ ਹੋਣ ਤਾਂ ਇਨ੍ਹਾਂ ਨੂੰ ਕਿਆਰੀਆਂ ਜਾਂ ਗਮਲਿਆਂ ਵਿਚ ਲਗਾਓ। ਗਮਲਿਆਂ ਲਈ ਮਿੱਟੀ ਅਤੇ ਰੂੜੀ ਦੀ ਖਾਦ ਦਾ ਮਿਸ਼ਰਨ (2:1) ਅਨੁਪਾਤ ਦੇ ਅਨੁਸਾਰ ਮਿਲਾ ਕੇ ਗਮਲੇ ਭਰੋ। ਇਸ ਮਹੀਨੇ ਵਿਚ ਅਸੀਂ ਗੁਲਦਾਉਦੀ ਦੀਆਂ ਨਵੀਆਂ ਕਲਮਾਂ ਵੀ ਬਣਾ ਸਕਦੇ ਹਾਂ।

**ਗੇਂਦਾ** : ਗੇਂਦੇ ਦੀ ਪੰਜਾਬ ਗੇਂਦਾ ਨੰ-1 ਕਿਸਮ ਦੀ ਪੌਦ ਬਰਸਾਤੀ ਫੁੱਲ



ਪੈਦਾ ਕਰਨ ਲਈ ਜੁਲਾਈ ਮਹੀਨੇ ਲਗਾਈ ਜਾ ਸਕਦੀ ਹੈ।

**ਪਸ਼ੂ ਪਾਲਣ** : ਪਸ਼ੂਆਂ ਨੂੰ ਚਾਰਾ ਜਲਦੀ ਸਵੇਰੇ ਜਾਂ ਸ਼ਾਮ ਨੂੰ ਪਾਇਆ ਜਾਵੇ। ਮੁਰਝਾਇਆ ਹੋਇਆ ਜਾਂ ਉੱਲੀ ਲਗਾ ਚਾਰਾ ਨਾ ਪਾਓ। ਪਸ਼ੂਆਂ ਨੂੰ ਸ਼ੈਡ ਅੰਦਰ ਰੱਖੋ ਅਤੇ ਦਿਨ ਵਿੱਚ ਤਿੰਨ-ਚਾਰ ਵਾਰੀ ਨਹਾਉਂਦੇ ਰਹਿਣਾ ਚਾਹੀਦਾ ਹੈ। ਪਸ਼ੂਆਂ ਨੂੰ ਪੀਣ ਲਈ ਠੰਢਾ ਪਾਣੀ ਦਿਉ। ਪਸ਼ੂ ਖੁਰਾਕ ਵਿਚ ਪ੍ਰੋਟੀਨ ਦੀ ਮਾਤਰਾ 2-4% ਤੱਕ ਵਧਾ ਦਿਓ। ਖੁਰਾਕ ਵਿਚ ਖਲਾਂ ਦੀ ਮਾਤਰਾ ਵਧਾ ਦਿਉ। ਇਸ ਮਹੀਨੇ ਮੱਛਰ, ਮੱਖੀਆਂ ਅਤੇ ਚਿੱਚੜਾਂ ਦੀ ਤਦਾਦ ਵਧ ਜਾਂਦੀ ਹੈ ਜੋ ਪਸ਼ੂ ਦਾ ਖੂਨ ਚੂਸਦੇ ਹਨ ਅਤੇ ਬੀਮਾਰੀ ਫੈਲਾਉਂਦੇ ਹਨ। ਸੋ, ਇਨ੍ਹਾਂ ਦੀ ਰੋਕਥਾਮ ਲਈ ਬਿਉਟੋਕਸ ਜਾਂ ਅਮੀਟਰਾਜ਼ 2-3 ਮਿਲੀਲਿਟਰ ਪਾਣੀ ਵਿਚ ਘੋਲ ਕੇ ਪਸ਼ੂਆਂ ਉੱਪਰ ਉਪਯੋਗ ਕਰੋ ਅਤੇ ਸ਼ੈਡ ਵਿਚ ਚਾਰੇ ਪਾਸੇ ਛਿੜਕਾਅ ਕਰੋ ਅਤੇ ਇਸ ਕਿਰਿਆ ਨੂੰ 10-15 ਦਿਨ ਬਾਅਦ ਦੁਬਾਰਾ ਕਰੋ। ਪੱਠੇ, ਖੁਰਾਕ ਅਤੇ ਪਾਣੀ ਉੱਪਰ ਸਪਰੇਅ ਨਹੀਂ ਕਰਨੀ ਚਾਹੀਦੀ। ਇਸ ਕੰਮ ਵਿਚ ਕੰਪਨੀ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜੇ ਪਸ਼ੂ ਨੂੰ ਗਰਮੀ ਲੱਗ ਜਾਵੇ ਤਾਂ ਪਸ਼ੂ ਦੇ ਸਰੀਰ ਉੱਪਰ ਠੰਢਾ ਪਾਣੀ ਪਾਓ ਅਤੇ ਡਾਕਟਰ ਦੀ ਸਹਾਇਤਾ ਨਾਲ ਗੁਲੂਕੋਜ਼ ਲਗਵਾਓ। ਜੇ ਪਸ਼ੂ ਦੀਆਂ ਨਾਸਾਂ ਵਿੱਚੋਂ ਖੂਨ ਆਵੇ ਤਾਂ ਪਸ਼ੂ ਦੇ ਸਿਰ ਅਤੇ ਚਿਹਰੇ ਉੱਪਰ ਠੰਢਾ ਪਾਣੀ ਪਾਓ ਅਤੇ ਸਿਰ ਨੂੰ ਉਪਰ ਉਠਾ ਕੇ ਰੱਖੋ। ਜਲਦੀ ਤੋਂ ਜਲਦੀ ਡਾਕਟਰ ਨਾਲ ਸੰਪਰਕ ਕਰੋ। ਜੇ ਗਲ-ਘੋਟੂ, ਧਵੜੀ ਰੋਗ ਅਤੇ ਮੂੰਹ-ਖੁਰ ਦੇ ਟੀਕੇ ਨਹੀਂ ਲਗਵਾਏ ਤਾਂ ਪਸ਼ੂਆਂ ਨੂੰ ਇਹ ਟੀਕੇ ਜਲਦੀ ਲਰਵਾਓ। ਇਸ ਮੌਸਮ ਵਿਚ ਸੱਪਾਂ ਦੇ ਕੱਟਣ ਦਾ ਖਤਰਾ ਵਧ ਜਾਂਦਾ ਹੈ। ਸੋ ਪਸ਼ੂ ਦਾ ਅਚਾਨਕ ਡਿੱਗ ਪੈਣਾ, ਤੌਲਵਾਂ ਨੀਵਾਂ ਹੋਣਾ, ਹਵਾਨੇ ਉੱਪਰ ਸੋਜ ਹੋਣਾ, ਸਾਹ ਲੈਣ ਵਿਚ ਮੁਸ਼ਕਲ ਆਉਣਾ, ਦਿਲ ਦੀ ਧੜਕਨ ਦਾ ਵਧਣਾ, ਝੱਗ ਆਉਣਾ ਜਾਂ ਕੁੜੱਲ ਪੈਣਾ ਆਦਿ ਨਿਸ਼ਾਨੀਆਂ ਹੋਣ ਤਾਂ ਪਸ਼ੂ ਨੂੰ ਧਿਆਨ ਨਾਲ ਦੇਖੋ ਕਿ ਕਿਤੇ ਸੱਪ ਦੇ ਕੱਟਣ ਦਾ ਨਿਸ਼ਾਨ ਮਿਲੇ ਤਾਂ ਜਲਦੀ ਡਾਕਟਰ ਨਾਲ ਸੰਪਰਕ ਕਰੋ। ਪਸ਼ੂਆਂ ਨੂੰ ਕਾਲਾ ਜਾਂ ਉੱਲੀ ਲੱਗਿਆ ਦਾਣਾ ਨਹੀਂ ਪਾਉਣਾ ਚਾਹੀਦਾ। ਪਸ਼ੂਆਂ ਨੂੰ ਦਾਦ ਲੱਗਣ ਤੋਂ ਬਚਾਉਣ ਲਈ ਪਸ਼ੂਆਂ ਨੂੰ ਅਤੇ ਸ਼ੈਡ ਨੂੰ ਸੁੱਕਾ ਰੱਖੋ।

**ਮੁਰਗੀ ਪਾਲਣ** : ਪਾਣੀ ਦੀ ਵੱਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ। ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ ਤਾਂ ਜੋ ਮੁਰਗੀਆਂ ਨੂੰ ਠੰਢਾ ਪਾਣੀ ਪੀਣ ਲਈ ਮਿਲ ਸਕੇ। ਸ਼ੈਡ ਵਿਚ ਫੁਹਾਰੇ ਲਗਾਓ ਅਤੇ ਕੂਲਰ ਲਗਾਓ। ਸ਼ੈਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ।

ਸ਼ੈਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦਾ ਅਸਰ ਘੱਟ ਕੀਤਾ ਜਾ ਸਕੇ। ਖੁਰਾਕ ਵਿੱਚ ਚਿਕਨਾਈ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ। ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਨ। ਆਂਡੇ ਘਟਣ ਜਾਂ ਮੁਰਗੀਆਂ ਦੀ ਮੌਤ ਵਿਚ ਵਾਧਾ ਦਿਖੇ ਤਾਂ ਮਾਹਰ ਦੀ ਸਲਾਹ ਲਓ। 6-8 ਹਫਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ। ਇਹ ਦਵਾਈ ਪਾਣੀ ਜਾਂ ਲੱਸੀ ਵਿਚ ਨਹੀਂ ਪਿਲਾਉਣੀ ਚਾਹੀਦੀ। ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਤੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ। ਵੱਧ ਰਹੀਆਂ ਪੱਠਾਂ (6-16 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ



ਦੇਣੀ ਚਾਹੀਦੀ ਹੈ। ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ। ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਠੰਢੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਛੱਤ ਉੱਪਰ ਪਾਣੀ ਦੀ ਟੰਕੀ ਪੂਰੀ ਨਾ ਭਰੋ। ਪਾਣੀ ਵਿਚ 250 ਮਿਲੀ ਲਿਟਰ ਸਿਰਕਾ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿਚ ਪਾਓ ਤਾਂ ਜੋ ਪਾਣੀ ਵਿਚ ਠੰਡਕ ਪੈਦਾ ਕੀਤੀ ਜਾ ਸਕੇ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਇਸ ਮਹੀਨੇ ਵਿੱਚ ਕਟੁੰਬਾਂ ਦਾ ਨਿਰੀਖਣ ਤੇਜ਼ੀ ਨਾਲ ਦੇਰ ਸ਼ਾਮ ਨੂੰ ਹੀ ਕਰਨਾ ਚਾਹੀਦਾ ਹੈ। ਬਾਹਰ ਫੁੱਲ-ਫੁਲਾਕੇ ਦੀ ਘਾਟ ਅਤੇ ਕੁਟੰਬ ਵਿੱਚ ਨੈਕਟਰ/ਸ਼ਹਿਦ ਖੁਰਾਕ ਦੀ ਥੁੜ੍ਹ ਦੀ ਸੂਰਤ ਵਿਚ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਡਵੀਜ਼ਨ-ਬੋਰਡ ਫੀਡਰ ਜਾਂ ਖਾਲੀ ਛੱਤਿਆਂ ਵਿਚ ਪਾ ਕੇ ਦਿਓ। ਕਲੋਨੀਆਂ ਦੇ ਗੇਟ ਛੋਟੇ ਕਰਕੇ, ਵਿਰਲਾਂ-ਝੀਥਾਂ ਨੂੰ ਬੰਦ ਕਰਕੇ, ਫਾਰਮ ਤੇ ਖੁਰਾਕ ਨਾ ਡੁੱਲਣ ਦੇਣ, ਆਦਿ ਉਪਰਾਲੇ ਕਰੋ ਤਾਂ ਜੋ ਰੋਬਿੰਗ ਦੀ ਸਮੱਸਿਆ ਤੋਂ ਬਚਾਅ ਕੀਤਾ ਜਾ ਸਕੇ। ਪਰਾਗ ਦੀ ਘਾਟ ਦੀ ਸੂਰਤ ਵਿਚ ਕਟੁੰਬਾਂ ਨੂੰ ਸ਼ਹਿਦ ਮੱਖੀਆਂ ਦੇ ਕਟੁੰਬਾਂ ਤੋਂ ਪੀ.ਏ.ਯੂ. ਪੋਲਨ ਟਰੈਪ ਦੁਆਰਾ ਇਕੱਠਾ ਅਤੇ ਸਟੋਰ ਕੀਤਾ ਪਰਾਗ ਦਿਓ ਜਾਂ ਪੀ.ਏ.ਯੂ. ਪਰਾਗ ਬਦਲ (ਪੋਲਨ ਸਸਟੀਚਿਊਟ/ਸਪਲੀਮੈਂਟ) ਦਿਉ। ਕਟੁੰਬਾਂ ਨੂੰ ਮੋਮੀ ਕੀੜਿਆਂ, ਕੀੜੀਆਂ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਓ। ਕਟੁੰਬਾਂ ਨੂੰ ਮੋਮੀ ਕੀੜਿਆਂ, ਕੀੜੀਆਂ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ। ਸਟੋਰ ਕੀਤੇ ਹੋਏ ਵਾਧੂ ਖਾਲੀ ਛੱਤਿਆਂ ਨੂੰ ਗੰਧਕ ਦੀ ਧੂਣੀ ਦੇ ਕੇ ਮੋਮੀ ਕੀੜੇ ਦੇ ਹਮਲੇ ਤੋਂ ਬਚਾਉ।

ਕਮਜ਼ੋਰ ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਨੂੰ ਦਰਮਿਆਨੀ ਬਲਤਾ ਦੇ ਰਾਣੀ ਵਾਲੇ ਕਟੁੰਬਾਂ ਨਾਲ ਮਿਲਾਉ। ਕਟੁੰਬਾਂ ਨੂੰ ਉੱਚੇ ਸਟੈਂਡਾਂ ਉੱਤੇ ਥੋੜ੍ਹਾ ਜਿਹਾ ਮੂਹਰਲੇ ਪਾਸੇ ਝੁਕਾ ਕੇ ਰੱਖੋ ਤਾਂ ਕਿ ਮੀਂਹ ਦਾ ਪਾਣੀ ਕਟੁੰਬਾਂ ਦੇ ਅੰਦਰ ਵੜ ਕੇ ਖੜ੍ਹ ਨਾ ਸਕੇ। ਕਟੁੰਬਾਂ ਨੂੰ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਵਿੱਚ ਨਾ ਰੱਖੋ। ਸ਼ਹਿਦ ਮੱਖੀ ਹਾਈਵ ਦੇ ਉੱਪਰਲੇ ਢੱਕਣ(ਟੋਪ ਕਵਰ), ਜੋ ਕਿ ਜਿਸਤੀ ਚਾਦਰ ਨਾਲ ਉੱਪਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰ ਕਰੋ। ਕਟੁੰਬਾਂ ਨੂੰ ਨੀਵੀਂ ਜਗ੍ਹਾ ਤੋਂ ਚੁੱਕ ਕੇ ਉੱਚੀ ਜਗ੍ਹਾ ਤੇ ਲਿਜਾ ਕੇ ਰੱਖੋ ਅਤੇ ਉਨ੍ਹਾਂ ਦੇ ਆਲੇ-ਦੁਆਲੇ ਬਰਸਾਤ ਦੇ ਮੌਸਮ ਕਾਰਨ ਵਧਦੀ ਹੋਈ ਬਨਸਪਤੀ/ਨਦੀਨਾਂ ਆਦਿ ਨੂੰ ਸਾਫ ਕਰਦੇ ਰਹੋ ਤਾਂ ਕਿ ਕਟੁੰਬ ਹਵਾਦਾਰ ਅਤੇ ਸਿੱਲ੍ਹ-ਰਹਿਤ ਅਤੇ ਮੱਖੀਆਂ ਦੀ ਕਾਰਜ ਉਡਾਰੀ ਵਿੱਚ ਵਾਧਾ ਹੋਵੇ। ਧਿਆਨ ਰੱਖੋ ਕਿ ਅੰਦਰਲੇ ਢੱਕਣ ਦੀ ਜਾਲੀ ਬੰਦ ਨਾ ਹੋਵੇ ਤਾਂ ਜੋ ਕਟੁੰਬ ਹਵਾਦਾਰ ਬਣੇ ਰਹਿਣ।

**ਖੁੰਬਾਂ ਦੀ ਕਾਸ਼ਤ** : ਇਸ ਮਹੀਨੇ ਦੌਰਾਨ, ਸਾਫ ਸੁਥਰੀ ਤੂੜੀ ਅਤੇ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਜਮ੍ਹਾ ਕਰੋ ਤਾਂ ਜੋ ਬਟਨ ਅਤੇ ਢੀਂਗਰੀ ਖੁੰਬ ਦੀ ਕਾਸ਼ਤ ਲਈ ਇਨ੍ਹਾਂ ਦੇ ਆਉਣ ਵਾਲੇ ਸੀਜ਼ਨ ਵਿਚ ਵਰਤੋਂ ਕੀਤੀ ਜਾ ਸਕੇ (ਅਕਤੂਬਰ-ਮਾਰਚ)। ਪਰਾਲੀ ਖੁੰਬ ਦੀ ਕਾਸ਼ਤ ਲਈ ਪਰਾਲੀ ਦੇ ਪੂਲੇ (1.5 ਕਿਲੋ) ਬਣਾ ਕੇ, ਗਿੱਲਾ ਕਰੋ, ਬੈੱਡ ਬਣਾਓ ਫਿਰ ਉਸ ਵਿਚ ਬੀਜ ਪਾਓ। ਖੁੰਬਾਂ ਦੀ ਤੁੜਾਈ ਦੌਰਾਨ, ਬੈੱਡਾਂ ਉੱਤੇ ਰੋਜ਼ਾਨਾ ਦਿਨ ਵਿਚ ਦੋ ਵਾਰ ਫੁਹਾਰੇ ਨਾਲ ਪਾਣੀ ਲਾਓ। ਫਸਲ ਦੀ ਤੁੜਾਈ ਤੋਂ ਬਾਅਦ ਪੁਰਾਣੇ ਬੈੱਡਾਂ ਨੂੰ ਬਾਹਰ ਕੱਢ ਕੇ ਅਗਲੀ ਫਸਲ ਲਈ ਨਵੇਂ ਬੈੱਡ ਬਣਾਓ। ਇਸ ਮਹੀਨੇ ਦੌਰਾਨ ਰੇਸ਼ਾ ਫੈਲੇ ਹੋਏ ਮਿਲਕੀ ਖੁੰਬ ਦੇ ਬੈਗਾਂ ਉੱਤੇ 1-1.5'' ਮੋਟੀ ਕੇਸਿੰਗ ਮਿੱਟੀ (ਰੂੜੀ ਖਾਦ : ਰੇਤਲੀ ਮਿੱਟੀ 4:1) ਦੀ ਪਰਤ ਵਿਛਾ ਦਿਓ ਅਤੇ ਕਮਰੇ ਵਿਚ 80-85% ਨਮੀਂ ਬਣਾ ਕੇ ਰੱਖੋ। ਕੇਸਿੰਗ ਦੇ 15-17 ਦਿਨਾਂ ਬਾਅਦ ਮਿਲਕੀ ਖੁੰਬ ਦੇ ਕਿਲ੍ਹਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਸ ਫਸਲ ਦੀ ਤੁੜਾਈ 30-35 ਦਿਨਾਂ ਲਈ ਜਾਰੀ ਰਹਿੰਦੀ ਹੈ।



# ਧਰਤੀ ਬਿਮਾਰ ਕਿਉਂ ਹੋ ਗਈ?

**ਲੋਕਮਿੱਤਰ ਗੌਤਮ**

'ਧਰਤੀ ਬਿਮਾਰ ਹੈ' ਇਹ ਸ਼ਬਦ ਅਸੀਂ ਪਿਛਲੇ ਦੋ ਦਹਾਕਿਆਂ ਤੋਂ ਸੁਣ ਰਹੇ ਹਾਂ। ਪਰ ਹੁਣ ਇਹ ਸ਼ਬਦ ਧਰਤੀ ਦੀ ਸਿਹਤ ਦਾ ਹਾਲ ਨਹੀਂ ਦੱਸਦੇ। ਕਿਉਂਕਿ ਧਰਤੀ ਹੁਣ ਬਿਮਾਰ ਨਹੀਂ, ਆਈ.ਸੀ.ਯੂ. ਵਿਚ ਹੈ। ਕਿਸੇ ਵੀ ਦਿਨ ਬ੍ਰਹਿਮੰਡ ਦੇ ਇਸ ਸਭ ਤੋਂ ਖੂਬਸੂਰਤ ਗ੍ਰਹਿ ਦੀ ਮੌਤ ਹੋ ਸਕਦੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰ ਲਗਾਤਾਰ ਵਾਤਾਵਰਣ ਵਿਗਿਆਨੀਆਂ ਦੀਆਂ ਚਿਤਾਵਨੀਆਂ ਅਤੇ ਹਰ ਲੰਘਦੇ ਦਿਨ ਦੇ ਨਾਲ ਵਿਗੜਦੀ ਆਬੋਹਵਾ ਦੇ ਬਾਵਜੂਦ ਅਸੀਂ ਧਰਤੀ ਵਾਸੀਆਂ ਨੇ ਇਸ ਦੀ ਏਨੀ ਅਣਗਹਿਲੀ ਕਿਉਂ ਕੀਤੀ? ਧਰਤੀ ਇਕ-ਦੋ, ਨਹੀਂ, ਵਾਤਾਵਰਨ ਸੁਰੱਖਿਆ ਦੇ 7 ਬਿੰਦੂਆਂ ਨੂੰ ਪਾਰ ਕਰ ਚੁੱਕੀ ਹੈ। ਦੂਜੇ ਸ਼ਬਦਾਂ ਵਿਚ ਅਸੀਂ ਖਤਰੇ ਦੇ 7 ਬੈਰੀਅਰ ਤੋੜ ਚੁੱਕੇ ਹਾਂ ਅਤੇ ਖਤਰਨਾਕ ਢੰਗ ਨਾਲ 8ਵੇਂ ਨੂੰ ਤੋੜਣ ਦੇ ਨੇੜੇ ਪਹੁੰਚ ਗਏ ਹਾਂ। ਇੱਥੋਂ ਤੱਕ ਪਹੁੰਚਣ ਤੋਂ ਬਾਅਦ ਬਹੁਤੇ ਵਾਤਾਵਰਨ ਵਿਗਿਆਨੀਆਂ ਨੂੰ ਉਮੀਦ ਹੀ ਨਹੀਂ ਬਚੀ ਕਿ ਫਿਰ ਤੋਂ ਅਸੀਂ ਉਸ ਸਾਫ ਅਤੇ ਸ਼ੁੱਧ ਵਾਤਾਵਰਨ ਦਾ ਕਦੀ ਅਹਿਸਾਸ ਕਰ ਸਕਦੇ ਹਾਂ ਜੋ ਕਦੀ ਧਰਤੀ ਦੀ ਖੂਬੀ ਸੀ, ਦੁਨੀਆਂ ਦੇ 40 ਮਹਾਨ ਵਾਤਾਵਰਨ ਵਿਗਿਆਨੀਆਂ ਦੀ ਗੱਲ ਮੰਨੀਏ ਤਾਂ ਧਰਤੀ ਦੀਆਂ ਕਰੀਬ 5 ਲੱਖ ਤੋਂ ਜ਼ਿਆਦਾ ਜੀਵ ਪ੍ਰਜਾਤੀਆਂ ਪਿਛਲੇ ਕੁਝ ਦਹਾਕਿਆਂ ਵਿਚ ਲੁਪਤ ਹੋ ਚੁੱਕੀਆਂ ਹਨ। ਹਜ਼ਾਰਾਂ ਬਨਸਪਤੀਆਂ ਗਾਇਬ ਹੋ ਚੁੱਕੀਆਂ ਹਨ। ਧਰਤੀ ਦਾ ਸਮੁੱਚਾ ਮੌਸਮ ਪੈਟਰਨ ਬਦਲ ਚੁੱਕਾ ਹੈ। ਸਭ ਤੋਂ ਡਰਾਉਣੀ ਗੱਲ ਇਹ ਹੈ ਕਿ ਏਨੀ ਖਰਾਬ ਹਾਲਤ ਦੇ ਬਾਵਜੂਦ ਹਰ ਸਾਲ ਅੱਜ ਵੀ ਧਰਤੀ ਤੋਂ 15 ਅਰਬ ਤੋਂ ਜ਼ਿਆਦਾ ਦਰੱਖਤ ਕੱਟੇ ਜਾ ਰਹੇ ਹਨ।

ਸਵਾਲ ਹੈ ਕਿ ਆਖਰ ਅਸੀਂ ਸਭ ਕੁਝ ਜਾਣਦੇ ਹੋਏ ਵੀ ਏਨੇ ਬੇਰਹਿਮ ਕਿਵੇਂ ਹੋ ਗਏ? ਸਭ ਕੁਝ ਦੇਖਣ-ਸਮਝਣ ਦੇ ਬਾਵਜੂਦ ਆਖਰ ਅਸੀਂ ਧਰਤੀ ਏਨੀ ਬਿਮਾਰ ਕਿਵੇਂ ਪੈ ਗਈ ਜਦਕਿ ਵਾਤਾਵਰਨ ਵਿਗਿਆਨੀ ਲਗਾਤਾਰ ਚੀਕ-ਚੀਕ ਕੇ ਧਰਤੀ ਦੀ ਸਿਹਤ ਦਾ ਹਾਲ ਸਾਨੂੰ ਦੱਸ ਰਹੇ ਸਨ। ਵਾਤਾਵਰਨ 'ਤੇ ਕੰਮ ਕਰਨ ਵਾਲੇ ਸੰਗਠਨ 'ਯੂਰੋ ਨਿਊਜ਼' ਦੀ ਮੰਨੀਏ ਤਾਂ ਅਸੀਂ ਮਨੁੱਖਾਂ ਨੇ ਆਪਣੇ ਛੋਟੇ-ਛੋਟੇ ਫਾਇਦਿਆਂ ਲਈ ਮਨੁੱਖੀ ਜਾਤੀ ਦੇ ਸਾਂਝੇ ਭਵਿੱਖ ਨੂੰ ਭਿਆਨਕ ਸੰਕਟ ਦੇ ਹਵਾਲੇ ਕਰ ਦਿੱਤਾ ਹੈ। ਧਰਤੀ ਉੱਤੇ ਇਨਸਾਨ ਦਾ ਜੀਵਨ ਹੁਣ ਖਤਰੇ ਨਾਲ ਘਿਰ ਗਿਆ ਹੈ। 'ਯੂਰੋ ਨਿਊਜ਼' ਦੀ ਵਿਗਿਆਨੀ ਟੀਮ ਵੱਲੋਂ ਕੀਤੇ ਗਏ ਇਕ ਵਿਸ਼ਲੇਸ਼ਣ ਅਨੁਸਾਰ 'ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਸੁਚੇਤ ਕੀਤੇ ਜਾਣ ਦੇ ਬਾਵਜੂਦ ਅਸੀਂ ਲਗਾਤਾਰ ਗਰਮ ਤੋਂ ਗਰਮ ਹੋ ਰਹੇ ਤਾਪਮਾਨ ਵੱਲ ਅੱਗੇ ਵੱਧ ਰਹੇ ਹਾਂ।' ਇਸ 'ਤੇ 40 ਕੌਮਾਂਤਰੀ ਪ੍ਰਸਿੱਧੀ ਦੇ ਵਿਗਿਆਨੀਆਂ ਦੀ ਇਕ ਟੀਮ ਨੇ ਵਾਤਾਵਰਨ ਦੇ ਮੁੱਦੇ 'ਤੇ ਦੁਨੀਆ ਦੇ ਸਭ ਦੇਸ਼ਾਂ ਦੀਆਂ ਚਲਾਕ ਰਣਨੀਤੀਆਂ ਤੋਂ ਨਿਰਾਸ਼ ਹੋ ਕੇ ਪਹਿਲੀ ਵਾਰ ਆਪਣੇ ਅਧਿਐਨ ਨਤੀਜੇ ਨੂੰ ਧਰੀ ਦੇ ਸਿਹਤ ਜੀਵਨ ਦੇ ਸੰਬੰਧ ਵਿਚ ਇਸ ਇਨਸਾਨੀ ਹਰਕਤ ਨੂੰ ਨਿਆਂ ਦੀ ਕਸੌਟੀ 'ਤੇ ਕੱਸਣ ਅਤੇ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਤਲਬ ਇਹ ਹੈ ਕਿ ਵਿਗਿਆਨੀ ਕਹਿ ਰਹੇ ਹਨ ਕਿ ਧਰਤੀ ਦੇ ਨਾਲ ਅਨਿਆਂ ਕਰਨ ਵਾਲੇ ਦੇਸ਼ਾਂ ਨੂੰ ਇਸ ਦੀ ਸਜ਼ਾ ਮਿਲਣੀ ਚਾਹੀਦੀ ਹੈ। ਕਿਉਂਕਿ ਆਪਣੇ ਨਿੱਜੀ ਹਿੱਤਾਂ ਦੀ ਦੁਹਾਈ ਵਿਚ ਦੁਨੀਆਂ ਭਰ ਦੇ ਤਾਕਤਵਰ ਦੇਸ਼ਾਂ ਨੇ ਧਰਤੀ ਦੀਆਂ ਵੱਖ-ਵੱਖ ਜਾਤੀਆਂ, ਭਾਈਚਾਰਿਆਂ, ਲਿੰਗਾਂ ਨੂੰ ਪਰਲੋ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ ਹੈ।

ਹਾਲਾਂਕਿ ਇਹ ਖੋਜ ਪਿਛਲੇ ਸਾਲ ਦੀ ਹੈ ਅਤੇ ਵਿਗਿਆਨੀਆਂ ਦੇ ਇਸ ਕੌਮਾਂਤਰੀ ਸਮੂਹ ਨੇ ਆਪਣੀ ਇਸ ਤਿੱਖੀ ਟਿੱਪਣੀ ਨੂੰ 'ਨੇਚਰ ਜਨਰਲ' ਵਿਚ ਪ੍ਰਕਾਸ਼ਿਤ ਵੀ ਕਰਵਾਇਆ ਸੀ। ਵਿਗਿਆਨੀਆਂ ਅਨੁਸਾਰ ਧਰਤੀ ਦੇ ਸਹਿਣ ਕਰਨ ਦੀਆਂ ਜੋ 7 ਹੱਦਾਂ ਸਨ, ਉਹ ਸਨ-ਵਿਗੜਦਾ ਵਾਤਾਵਰਨ, ਜ਼ਹਿਰੀਲੀ ਹੁੰਦੀ ਹਵਾ, ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ, ਪਾਣੀ ਦਾ ਫਾਸਫੋਰਸ ਅਤੇ ਨਾਈਟ੍ਰੋਜਨ ਨਾਲ ਪ੍ਰਦੂਸ਼ਣ, ਧਰਤੀ ਹੇਠਲੇ ਪਾਣੀ ਦਾ ਖਾਤਮਾ, ਤਾਜ਼ੇ ਪਾਣੀ ਦੀ ਮਨਮਰਜ਼ੀ ਨਾਲ ਦੁਰਵਰਤੋਂ ਅਤੇ ਮਨੁੱਖਾਂ ਵਲੋਂ ਬਣਾਇਆ ਭੂਮੀ-ਵਾਤਾਵਰਨ। ਵਿਗਿਆਨੀਆਂ ਅਨੁਸਾਰ ਸਭ ਤੋਂ ਖਤਰਨਾਕ ਹੱਦ ਹਵਾ ਪ੍ਰਦੂਸ਼ਣ ਦੀ ਸੀ। ਆਖਰਕਾਰ ਧਰਤੀ ਵਰਗੇ ਸੰਵੇਦਨਸ਼ੀਲ ਗ੍ਰਹਿ ਦੀ ਹਵਾ ਦੇ ਜ਼ਹਿਰੀਲੇ ਹੋਣ ਦੀ ਇਕ ਹੱਦ ਸੀ। ਪਰ ਲਗਾਤਾਰ ਵਿਗਿਆਨੀਆਂ ਦੇ ਆਗਾਹ ਕਰਨ ਦੇ ਬਾਵਜੂਦ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਸੰਗਠਨਾਂ, ਸੰਸਥਾਵਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਕਿਉਂਕਿ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਲੋਕਾਂ ਨੂੰ ਰਾਸ਼ਟਰਵਾਦ ਦੇ ਨਾਂਅ 'ਤੇ ਤਾਕਤਵਰ ਦੇਸ਼ਾਂ ਦਾ ਸਮਰਥਨ ਹਾਸਲ ਸੀ। ਸਵੀਡਨ ਸਥਿਤ ਵਿਗਿਆਨੀਆਂ ਦੇ ਇਸ ਸਮੂਹ ਨੇ ਮੰਨਿਆ ਹੈ ਕਿ ਧਰਤੀ ਦੇ ਸੰਜਮ ਅਤੇ ਉਸ ਦੀ ਸਹਿਣ ਕਰਨ ਦੀ ਇਕ ਸੀਮਾ ਸੀ, ਪਰ ਧਰਤੀ ਨਾਲ ਅਨਿਆਂ ਕਰਨ ਵਾਲਿਆਂ ਤੇ ਖਿਲਵਾੜ ਕਰਨ ਵਾਲਿਆਂ ਨੇ ਇਸ ਹੱਦ ਦੀ ਲਾਜ ਨਹੀਂ ਰੱਖੀ।

ਇਨ੍ਹਾਂ ਵਿਗਿਆਨੀਆਂ ਅਨੁਸਾਰ ਧਰਤੀ ਦਾ ਕੋਈ ਇਕ ਕਿਨਾਰਾ ਧਰਤੀ ਦੇ ਵਿਰੁੱਧ ਇਸ ਅੱਤਿਆਚਾਰ ਵਿਚ ਇਕੱਲਾ ਸ਼ਾਮਿਲ ਨਹੀਂ ਹੈ। ਹਰ ਖੇਤਰ ਵਧ ਚੜ੍ਹ ਕੇ ਧਰਤੀ ਨੂੰ ਲਹੂ-ਲੁਹਾਨ ਕਰਨ 'ਤੇ ਤੁਲਿਆ ਹੋਇਆ ਹੈ, ਚਾਹੇ ਉਹ ਪੂਰਬੀ ਯੂਰਪ ਹੋਵੇ, ਦੱਖਣੀ ਏਸ਼ੀਆ ਹੋਵੇ, ਮੱਧ ਪੂਰਬ ਹੋਵੇ, ਦੱਖਣ-ਪੂਰਬ ਏਸ਼ੀਆ ਹੋਵੇ, ਮੈਕਸੀਕੋ ਹੋਵੇ, ਬ੍ਰਾਜ਼ੀਲ, ਚੀਨ ਅਤੇ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਹੀ ਕਿਉਂ ਨਾ ਹੋਵੇ, ਸਭ ਤੋਂ ਧਰਤੀ ਦੀ ਸਿਹਤ ਨਾਲ ਬੇਹੱਦ ਗੰਭੀਰ ਖਿਲਵਾੜ ਕੀਤਾ ਹੈ। ਅੱਜ ਸਥਿਤੀ ਇਹ ਹੈ ਕਿ ਧਰਤੀ ਦਾ ਲਗਭਗ ਦੋ ਤਿਹਾਈ ਹਿੱਸਾ ਮਿੱਠੇ ਪਾਣੀ ਦੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ। ਅਸੀਂ ਸਭ ਪੜ੍ਹਦੇ ਹਾਂ, ਸੁਣਦੇ ਹਾਂ, ਦੇਖਦੇ ਹਾਂ, ਪਰ ਇਸ ਸਭ ਦੇ ਬਾਵਜੂਦ ਹੁਣ ਸਾਨੂੰ ਕੋਈ ਫਰਕ ਨਹੀਂ ਪੈਂਦਾ।

ਦਿੱਲੀ ਵਿਚ ਯਮੁਨਾ ਪਹਿਲਾਂ ਕਦੀ ਕਦਾਈਂ ਪ੍ਰਦੂਸ਼ਿਤ ਝੱਗ ਨਾਲ ਉੱਛਲਦੀ ਰਹਿੰਦੀ ਸੀ, ਹੁਣ ਸਾਲ ਦੇ ਬਹੁਤੇ ਸਮੇਂ ਤੱਕ ਨਾ ਸਿਰਫ ਯਮੁਨਾ ਦਾ ਪਾਣੀ ਬੇਹੱਦ ਰਹਿੰਦਾ ਹੈ ਸਗੋਂ ਇਹ ਸਭ ਬੇਹੱਦ ਘਿਨੌਣੇ ਰੂਪ ਵਿਚ ਵੀ ਦਿਸਦਾ ਹੈ, ਪਰ ਹੁਣ ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ। ਲੋਕ ਹੁਣ ਵੀ ਯਮੁਨਾ ਨੂੰ ਪਵਿੱਤਰ ਮੰਨਦੇ ਹੋਏ ਪਾਣੀ ਉੱਤੋਂ ਝੱਗ ਨੂੰ ਇੱਧਰ-ਉੱਧਰ ਕਰਕੇ ਡੁਬਕੀ ਮਾਰ ਲੈਂਦੇ ਹਨ। ਵਾਸ਼ਿੰਗਟਨ ਯੂਨੀਵਰਸਿਟੀ ਵਿਚ ਵਾਤਾਵਰਣ ਅਤੇ ਜਨਤਕ ਸਿਹਤ ਦੇ ਪ੍ਰੋਫੈਸਰ ਅਤੇ 40 ਹੋਰ ਵਿਗਿਆਨੀਆਂ ਦੇ ਇਸ ਸਾਂਝੇ ਅਧਿਐਨ ਦੇ ਕੱਢੇ ਗਏ ਨਤੀਜਿਆਂ ਦੇ ਸਹਿ-ਲੇਖਕ ਕ੍ਰਿਸਟੀ ਏਬੀ ਨੇ ਕਿਹਾ ਹੈ, 'ਜੇਕਰ ਇਨਸਾਨੀ ਸਰੀਰ ਦੇ ਅੰਗਾਂ ਦੀ ਭਾਸ਼ਾ ਵਿਚ ਸਮਝੀਏ ਤਾਂ ਧਰਤੀ ਦੇ ਬਹੁਤ ਸਾਰੇ ਅੰਗ ਫੇਲ੍ਹ ਹੋ ਚੁੱਕੇ ਹਨ।'

ਐਮਸਟਰਡਮ ਯੂਨੀਵਰਸਿਟੀ ਵਿਚ ਵਾਤਾਵਰਣ ਦੀ ਪ੍ਰੋਫੈਸਰ ਅਤੇ ਧਰਤੀ ਕਮਿਸ਼ਨ ਦੀ ਸਹਿ-ਮੁਖੀ ਜੋਇਤਾ ਗੁਪਤਾ ਮੀਡੀਆ ਵਾਲਿਆਂ ਦੇ ਇਕ ਸਮੂਹ ਨੂੰ ਕਹਿੰਦੀ ਹੈ, 'ਜੇਕਰ ਧਰਤੀ ਦੀ ਸਾਲਾਨਾ ਜਾਂਚ ਹੋਵੇ ਤਾਂ ਡਾਕਟਰਾਂ ਨੂੰ ਹੈਰਾਨੀ ਹੋਵੇਗੀ ਕਿ ਏਨੀ ਬਿਮਾਰੀ ਧਰਤੀ ਆਖਰ ਜ਼ਿੰਦਾ ਕਿਸ ਤਰ੍ਹਾਂ ਹੈ?' ਸੱਚਮੁੱਚ ਧਰਤੀ ਬਿਮਾਰ ਹੈ, ਪਰ ਦੁਨੀਆਂ ਨੂੰ ਕੁਝ ਫਰਕ ਨਹੀਂ ਪੈਂਦਾ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੁਣ ਬਹਿਸਾਂ ਦਾ ਕੋਈ ਫਾਇਦਾ ਨਹੀਂ ਹੈ। ਬਿਮਾਰ ਧਰਤੀ ਦੀ ਸਿਹਤ ਵਿਚ ਕੋਈ ਸੁਧਾਰ ਤਦ ਹੀ ਹੋ ਸਕਦਾ ਹੈ, ਜਦੋਂ ਅਸੀਂ ਤੁਰੰਤ ਕੋਲਾ, ਡੀਜ਼ਲ, ਪੈਟਰੋਲ ਅਤੇ ਕੁਦਰਤੀ ਗੈਸਾਂ ਦੀ ਵਰਤੋਂ ਬੰਦ ਕਰ ਦਈਏ, ਜੋ ਕਿ ਸੰਭਵ ਹੀ ਨਹੀਂ ਲੱਗ ਰਿਹਾ। ਜਰਮਨੀ ਦੇ 'ਪੋਟਸਡੈਮ ਇੰਸਟੀਚਿਊਟ ਫਾਰ ਕਲਾਈਮੇਟ ਇੰਪੈਕਟ ਰਿਸਰਚ' ਦੇ ਨਿਰਦੇਸ਼ਕ ਅਤੇ ਇਸ ਅਧਿਐਨ ਦੇ ਪ੍ਰਮੁੱਖ ਲੇਖਕ ਜੋਹਨ ਰਾਕ ਸਟ੍ਰਮ ਕਹਿੰਦੇ ਹਨ, 'ਅਸੀਂ ਮੁੱਢਲੇ ਤੌਰ 'ਤੇ ਸਭ ਮਾਮਲਿਆਂ ਵਿਚ ਗਲਤ ਦਿਸ਼ਾ ਵਿਚ ਅੱਗੇ ਵਧ ਰਹੇ ਹਾਂ।' ਜਦਕਿ ਇਸੇ ਲੜੀ ਵਿਚ ਯੇਲ ਯੂਨੀਵਰਸਿਟੀ ਦੇ ਸਕੂਲ ਆਫ ਇਨਵਾਇਰਨਮੈਂਟ ਦੇ ਡੀਨ ਐਂਡੀ ਬਰਗ ਕਹਿੰਦੇ ਹਨ, 'ਇਸ ਅਧਿਐਨ ਬੇਹੱਦ ਸਮੋਹਕ ਅਤੇ ਉਤੇਜਕ ਹੈ ਕਿਉਂਕਿ ਇਹ ਅਧਿਐਨ ਧਰਤੀ ਗ੍ਰਹਿ ਦੀਆਂ ਉਨ੍ਹਾਂ ਹੱਦਾਂ ਨੂੰ ਸਹੀ ਢੰਗ ਨਾਲ ਸਮਝ ਰਿਹਾ ਹੈ, ਜਿਸ ਦੀ ਅਸੀਂ ਸਰਹੱਦ 'ਤੇ ਆ ਗਏ ਹਾਂ। ਸਭ ਕੁਝ ਬੇਹੱਦ ਡਰਾਉਣਾ ਹੈ।

ਧਰਤੀ ਦੇ ਇਨ੍ਹਾਂ ਸਭ ਤੋਂ ਵੱਧ ਕੁਸ਼ਲ 40 ਵਿਗਿਆਨੀਆਂ ਨੇ ਧਰਤੀ ਗ੍ਰਹਿ ਨੂੰ ਸੁਰੱਖਿਅਤ ਰੱਖਣ ਅਤੇ ਜੋ ਮੌਜੂਦਾ ਡਰਾਉਣੀ ਸਥਿਤੀ ਹੈ, ਇਸ ਤੋਂ ਅੱਗੇ ਨਾ ਵਧਣ ਦੇਣ ਲਈ ਹੁਣ ਵੀ ਸਰਕਾਰਾਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ ਹੈ। ਰਾਕ ਸਟ੍ਰਮ ਅਨੁਸਾਰ, 'ਇਕ ਸੁਰੱਖਿਆ ਘੇਰਾ ਸਥਾਈ ਰੂਪ ਵਿਚ ਕਿਸੇ ਦੇਸ਼ ਦੇ ਲੋਕਾਂ ਦੀ ਸੁਰੱਖਿਆ ਨਹੀਂ ਹੁੰਦੀ।' ਧਰਤੀ ਬੇਹੱਦ ਬਿਮਾਰ ਹੈ, ਆਖਰੀ ਸਾਹ ਗਿਣ ਰਹੀ ਹੈ, ਜੇਕਰ ਹੁਣ ਵੀ ਧਰਤੀ ਦੇ ਲੋਕ ਇਸ ਦੀ ਸਿਹਤ ਬਾਰੇ ਚਿੰਤਤ ਨਹੀਂ ਹੁੰਦੇ ਤਾਂ ਦੁਨੀਆਂ ਦੇ ਵਾਤਾਵਰਨ ਨੂੰ ਬਚਾਉਣ ਦਾ ਕੋਈ ਵੀ ਦੂਜਾ ਉਪਾਅ ਨਹੀਂ ਹੈ।

# ਪਾਣੀ ਦੀ ਘਾਟ ਕਾਰਨ ਗੰਨੇ ਦੀ ਫ਼ਸਲ ਦਾ ਝਾੜ ਘਟਣ ਦਾ ਖਦਸ਼ਾ

ਕਿਸਾਨਾਂ ਵੱਲੋਂ ਝੋਨੇ ਦੇ ਖੇਤਾਂ ਨੂੰ ਵਾਧੂ ਪਾਣੀ ਛੱਡਣ ਕਰਕੇ ਗੰਨੇ ਦੀ ਫ਼ਸਲ ਦਾ ਨੁਕਸਾਨ ਹੋਣ ਲੱਗ ਪਿਆ ਹੈ। ਪਾਣੀ ਦੀ ਘਾਟ ਕਾਰਨ ਗੰਨੇ ਦੇ ਬੂਟਿਆਂ 'ਤੇ ਗੜੂੰਏਂ ਨੇ ਹਮਲਾ ਕਰ ਦਿੱਤਾ ਹੈ। ਜੇਕਰ ਇਸ ਦੀ ਰੋਕਥਾਮ ਨਾ ਕੀਤੀ ਗਈ ਤਾਂ ਕਿਸਾਨਾਂ ਵੱਲੋਂ ਬੀਜੇ ਗੰਨੇ ਨੂੰ ਨੁਕਸਾਨ ਹੋਵੇਗਾ, ਜਿਸ ਦਾ ਝਾੜ ਵੀ ਘੱਟ ਸਕਦਾ ਹੈ।

ਵੱਖ-ਵੱਖ ਪਿੰਡਾਂ ਵਿੱਚ ਗੰਨੇ ਦੇ ਖੇਤਾਂ ਵਿੱਚ ਦੇਖਣ ਤੋਂ ਪਤਾ ਲੱਗਿਆ ਹੈ ਕਿ ਮੋਢੇ ਤੇ ਲਵੇਰੇ ਗੰਨੇ 'ਤੇ 'ਅਗੇਤੀ ਫੋਟ ਦੇ ਗੜੂੰਏਂ' ਦਾ ਹਮਲਾ ਹੋ ਗਿਆ ਹੈ। ਗੰਨੇ ਦੇ ਕਾਸ਼ਤਕਾਰ ਮਲਕੀਤ ਸਿੰਘ ਲੰਗ ਨੇ ਕਿਹਾ ਕਿ ਹੁਣ ਝੋਨੇ ਦੀ ਬਿਜਾਈ ਕਰਕੇ ਉਧਰ ਪਾਣੀ ਜ਼ਿਆਦਾ ਦਿੱਤਾ ਜਾ ਰਿਹਾ ਹੈ, ਹੋਰ ਫ਼ਸਲਾਂ ਨੂੰ ਤਾਂ ਬਚਦਾ ਪਾਣੀ ਹੀ ਦਿੱਤਾ ਜਾਵੇਗਾ, ਜਿਸ ਕਰਕੇ ਗੰਨੇ ਦੇ ਖੇਤ ਨੂੰ ਮੁਸ਼ਕਿਲ ਆ ਰਹੀ ਹੈ। ਖੇਤੀ ਮਾਹਿਰਾਂ ਅਨੁਸਾਰ ਇਹ ਹਮਲਾ ਜ਼ਿਆਦਾ ਉਦੋਂ ਹੁੰਦਾ ਹੈ, ਜਦੋਂ ਗੰਨਾ ਕਾਸ਼ਤਕਾਰ ਗੰਨੇ ਦੀ ਫ਼ਸਲ ਵਿੱਚ ਅੱਜ ਕੱਲ੍ਹ ਪਾਣੀ ਦਾ ਸੋਕਾ ਲਗਾ ਦਿੰਦਾ ਹੈ। ਸੁੱਕੇ ਖੇਤ ਵਿੱਚ ਇੱਕ ਕੀੜਾ ਪੈਦਾ ਹੁੰਦਾ ਹੈ, ਜੋ ਗੰਨੇ ਦੀ ਗੋਭ ਵਿੱਚ ਵੜ ਕੇ ਉਸ ਦੇ ਅੰਦਰ ਨਵੀਂ ਪੈਦਾ ਹੋ ਰਹੀ ਗੋਭ ਨੂੰ ਖਾ ਜਾਂਦਾ ਹੈ। ਇਸ ਕਰਕੇ ਆਲੇ-ਦੁਆਲੇ ਦੇ ਪੱਤੇ ਕਈ ਵਾਰ ਹਰੇ ਨਜ਼ਰ ਆਉਂਦੇ ਹਨ, ਪਰ ਗੋਭ ਸੁੱਕ ਜਾਂਦੀ ਹੈ, ਜਿਸ ਕਰਕੇ ਉਸ ਗੰਨੇ ਦਾ ਵਾਧਾ ਰੁੱਕ ਜਾਂਦਾ ਹੈ। ਜਿਸ ਦੇ ਨੁਕਸਾਨ ਨੂੰ ਰੋਕਿਆ ਨਹੀਂ ਜਾ ਸਕਦਾ। ਮਾਹਿਰਾਂ ਅਨੁਸਾਰ ਇਸ ਕੀੜੇ ਦੇ ਹਮਲੇ ਨੂੰ ਰੋਕਣ ਲਈ ਤੁਰੰਤ ਹੀ ਨੱਕੇ ਭਰ ਕੇ ਗੰਨੇ ਦੇ ਖੇਤ ਨੂੰ ਪਾਣੀ ਲਾਉਣਾ ਜ਼ਰੂਰੀ ਹੈ। ਉਂਜ ਇਹ ਕੀੜਾ ਬਣਦੀ ਮਿਕਦਾਰ ਯੂਰੀਆ ਖਾਦ ਦੀ ਪਾਉਣ ਨਾਲ ਵੀ ਮਰ ਜਾਂਦਾ ਹੈ, ਨਹੀਂ ਤਾਂ ਇਸ ਦੇ ਮਾਹਿਰਾਂ ਵੱਲੋਂ ਨਿਰਧਾਰਿਤ ਕੀਤੀ ਦਵਾਈ ਵੀ ਖੇਤ ਵਿੱਚ ਪਾਉਣੀ ਪੈ ਸਕਦੀ ਹੈ।

**ਬੂਟਿਆਂ 'ਤੇ ਗੜੂੰਏਂ ਦਾ ਹਮਲਾ**



# ਪੂਰਾ ਨਹੀਂ ਹੋ ਸਕਿਆ ਡੀ.ਐੱਸ.ਆਰ. ਦਾ ਰੱਖਿਆ ਟੀਚਾ

ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਵੱਲੋਂ ਜ਼ਮੀਨੀ ਪਾਣੀ ਦੇ ਡਿੱਗਦੇ ਪੱਧਰ ਨੂੰ ਦੇਖਦਿਆਂ ਪਿਛਲੇ ਕੁਝ ਸਾਲਾਂ ਤੋਂ ਸੂਬੇ 'ਚ ਡੀ ਐੱਸ ਆਰ ਵਿਧੀ ਰਾਹੀਂ ਝੋਨੇ ਦੀ ਬਿਜਾਈ ਲਈ ਕਿਸਾਨਾਂ ਨੂੰ ਉਤਸ਼ਾਹਤ ਕਰਨ ਵਾਸਤੇ ਸਬਸਿਡੀ ਦੇਣ ਦਾ ਐਲਾਨ ਕੀਤਾ ਸੀ। ਇਸ ਦੇ ਬਾਵਜੂਦ ਸੂਬੇ ਦੇ ਕਿਸਾਨ ਝੋਨੇ ਦੀ ਰਵਾਇਤੀ ਲੁਆਈ ਤੋਂ ਪਿੱਛੇ ਨਹੀਂ ਹਟ ਰਹੇ ਅਤੇ ਸਰਕਾਰ ਵੱਲੋਂ ਹਰ ਸਾਲ ਨਿਰਧਾਰਤ ਕੀਤਾ ਜਾਂਦਾ ਟੀਚਾ ਪੂਰਾ ਨਹੀਂ ਹੋ ਰਿਹਾ। ਸਰਕਾਰ ਵਲੋਂ ਡੀ ਐੱਸ ਆਰ ਵਿਧੀ ਰਾਹੀਂ ਝੋਨਾ ਬੀਜਣ ਵਾਲੇ ਕਿਸਾਨਾਂ ਲਈ 1500 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਵੀ ਦਿੱਤੀ ਜਾਂਦੀ ਹੈ ਪਰ ਹਰ ਸਾਲ ਦੀ ਤਰ੍ਹਾਂ ਸੂਬੇ ਦੇ ਕਿਸਾਨਾਂ ਨੇ ਇਸ ਵਾਰ ਵੀ ਡੀ ਐੱਸ ਆਰ ਵਿਧੀ ਰਾਹੀਂ ਝੋਨੇ ਦੀ ਬਿਜਾਈ ਪ੍ਰਤੀ ਨਹੀਂ ਦਿਖਾਇਆ ਉਤਸ਼ਾਹ।

ਦੱਸਣਯੋਗ ਹੈ ਕਿ ਖੇਤੀਬਾੜੀ ਵਿਭਾਗ ਨੇ ਪਿਛਲੇ ਸਾਲਾਂ ਦੇ ਅੰਕੜਿਆਂ ਨੂੰ ਦੇਖਦੇ ਹੋਏ 5 ਲੱਖ ਏਕੜ ਰਕਬੇ 'ਚ ਝੋਨੇ ਦੀ ਡੀ ਐੱਸ ਆਰ ਵਿਧੀ ਰਾਹੀਂ ਸਿੱਧੀ ਬਿਜਾਈ ਕਰਨ ਦਾ ਟੀਚਾ ਰੱਖਿਆ ਸੀ ਪਰ ਵਿਭਾਗ ਕੋਲੋਂ ਮਿਲੇ ਅੰਕੜਿਆਂ ਮੁਤਾਬਕ 24 ਜੂਨ ਤੱਕ ਪੋਰਟਲ 'ਤੇ ਹਾਲੇ ਤਕ 10270 ਕਿਸਾਨ ਰਜਿਸਟਰ ਹੋਏ ਹਨ, ਜਿਨ੍ਹਾਂ ਨੇ 107518.18 ਏਕੜ ਰਕਬੇ 'ਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ। ਹਾਲਾਂਕਿ ਕਿਸਾਨ ਵਲੋਂ ਪੋਰਟਲ ਤੇ ਰਜਿਸਟ੍ਰੇਸ਼ਨ ਕਰਵਾਉਣ ਦਾ ਕੰਮ ਹਾਲੇ ਚੱਲ ਰਿਹਾ ਹੈ। ਫਿਰ ਵੀ ਵਿਭਾਗ ਮੁਤਾਬਕ ਅੰਦਾਜ਼ਨ



1.30 ਲੱਖ ਏਕੜ ਰਕਬੇ 'ਚ ਹੀ ਝੋਨੇ ਦੀ ਡੀ ਐੱਸ ਆਰ ਵਿਧੀ ਰਾਹੀਂ ਸਿੱਧੀ ਬਿਜਾਈ ਹੋਈ ਹੈ। ਇਸ ਸਬੰਧੀ ਪੂਰੇ ਅੰਕੜੇ ਆਉਣ ਵਾਲੇ ਦਿਨਾਂ 'ਚ ਹੀ ਪਤਾ ਚੱਲ ਸਕਣਗੇ।

ਦੱਸਣਯੋਗ ਹੈ ਕਿ ਪਿਛਲੇ ਸਾਲ ਵੀ ਵਿਭਾਗ ਨੇ 5 ਲੱਖ ਏਕੜ 'ਚ ਡੀ ਐੱਸ ਆਰ ਵਿਧੀ ਰਾਹੀਂ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਟੀਚਾ ਮਿੱਥਿਆ ਸੀ ਪਰ ਸਿਰਫ 1.72 ਲੱਖ ਏਕੜ 'ਚ ਹੀ ਬਿਜਾਈ ਹੋਈ ਸੀ। ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਮੀਤ ਪ੍ਰਧਾਨ ਪ੍ਰੋ. ਕੰਵਰ ਸਰਤਾਜ ਸਿੰਘ ਤੇ ਭਾਰਤੀ ਕਿਸਾਨ ਯੂਨੀਅਨ ਰਜੇਵਾਲ ਦੇ ਸੂਬਾ ਮੀਤ ਪ੍ਰਧਾਨ ਮੁਕੇਸ਼ ਚੰਦਰ ਰਾਣੀਭੱਟੀ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਡੀ ਐੱਸ ਆਰ ਵਿਧੀ ਰਾਹੀਂ ਝੋਨੇ ਦੀ ਬਿਜਾਈ ਕਰਨ 'ਤੇ ਦਿੱਤੀ ਜਾਂਦੀ 1500 ਰੁਪਏ ਪ੍ਰਤੀ ਏਕੜ ਸਬਸਿਡੀ ਨਾਮਾਤਰ ਹੈ। ਉਕਤ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਦੇ ਮੁਕਾਬਲੇ ਲਾਗਤ ਖਰਚੇ ਵਧੇਰੇ ਹਨ, ਜਿਸ ਕਾਰਨ ਕਿਸਾਨ ਇਹ ਵਿਧੀ ਅਪਣਾਉਣ ਤੋਂ ਗੁਰੇਜ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਸਬਸਿਡੀ 4400 ਰੁਪਏ ਕਰ ਦਿੱਤੀ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਸਬਸਿਡੀ ਵਧਾਉਣੀ ਚਾਹੀਦੀ ਹੈ।

### ਪੋਰਟਲ 'ਤੇ ਕਿਸਾਨਾਂ ਦੀ ਰਜਿਸਟ੍ਰੇਸ਼ਨ ਲਈ ਤੇਜ਼ੀ ਨਾਲ ਚੱਲ ਰਿਹੈ ਕੰਮ

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਜੁਆਇੰਟ ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਦਾ ਕਹਿਣਾ ਹੈ ਕਿ ਡੀ ਐੱਸ ਆਰ ਵਿਧੀ ਰਾਹੀਂ ਝੋਨੇ ਦੀ ਸਿੱਧੀ ਬਿਜਾਈ ਦਾ ਸੀਜ਼ਨ 15 ਮਈ ਤੋਂ 15 ਜੂਨ ਤੱਕ ਦਾ ਸੀ। ਲੋਕ ਸਭਾ ਚੋਣਾਂ ਹੋਣ ਕਾਰਨ ਵਿਭਾਗ ਦੇ ਬਹੁਤੇ ਅਧਿਕਾਰੀ ਤੇ ਮੁਲਾਜ਼ਮ ਚੋਣ ਡਿਊਟੀਆਂ ਕਰ ਰਹੇ ਸਨ, ਇਸ ਲਈ ਪੋਰਟਲ ਦੇਰੀ ਨਾਲ ਖੁੱਲ੍ਹ ਸਕਿਆ ਹੈ। ਡਾ. ਬਰਾੜ ਨੇ ਕਿਹਾ ਕਿ ਸਾਰੇ ਜ਼ਿਲ੍ਹਿਆਂ ਦੇ ਖੇਤੀ ਅਧਿਕਾਰੀਆਂ ਨੂੰ ਵਿਭਾਗ ਦੇ ਪੋਰਟਲ 'ਤੇ ਕਿਸਾਨਾਂ ਦੀ ਰਜਿਸਟਰ੍ਰੇਸ਼ਨ ਦਾ ਕੰਮ ਤੇਜ਼ੀ ਨਾਲ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਪੋਰਟਲ 'ਤੇ ਭਰੇ ਰਕਬੇ ਦੀ ਵੈਰੀਫਿਕੇਸ਼ਨ ਕਰਨ ਉਪਰੰਤ ਕਿਸਾਨਾਂ ਦੀ ਬਣਦੀ ਸਬਸਿਡੀ ਖਾਤਿਆਂ 'ਚ ਪਾਈ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਿਆਂ ਤੋਂ ਮੰਗੀ ਜ਼ੁਬਾਨੀ ਜਾਣਕਾਰੀ ਮੁਤਾਬਕ ਸੂਬੇ 'ਚ ਡੀ ਐੱਸ ਆਰ ਵਿਧੀ ਰਾਹੀਂ 1.30 ਏਕੜ ਦੇ ਕਰੀਬ ਰਕਬੇ 'ਚ ਝੋਨੇ ਦੀ ਸਿੱਧੀ ਬਿਜਾਈ ਹੋਈ ਹੈ।

# ਕਿਵੇਂ ਦਾ ਹੋਵੇ ਕਿਸਾਨ ਪੱਖੀ ਮਾਡਲ?

ਘਾਟੇਵੰਦੀ ਕਿਰਸਾਨੀ ਅਤੇ ਉਸ ਸਿਰ ਵਧਦਾ ਹੋਇਆ ਕਰਜ਼ਾ ਦੇਸ਼ ਦੇ ਹਰ ਪ੍ਰਾਂਤ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ। ਵਿਕਸਤ ਦੇਸ਼ਾਂ ਤੋਂ ਬਿਲਕੁਲ ਉਲਟ ਭਾਰਤ ਵਿਚ ਸਭ ਤੋਂ ਵੱਡਾ ਪੇਸ਼ਾ ਖੇਤੀਬਾੜੀ ਹੈ ਜਿਸ 'ਤੇ ਤਕਰੀਬਨ 60 ਫੀਸਦੀ ਤੱਕ ਵਸੋਂ ਨਿਰਭਰ ਕਰਦੀ ਹੈ ਜਦਕਿ ਵਿਕਸਤ ਦੇਸ਼ਾਂ ਵਿਚ ਕਿਤੇ ਵੀ ਖੇਤੀ 'ਤੇ 5% ਤੋਂ ਵੱਧ ਵਸੋਂ ਨਿਰਭਰਤਾ ਹੋਣ ਕਰਕੇ ਜਿੱਥੇ ਖੇਤੀਬਾੜੀ ਵਾਲੀ ਵਸੋਂ ਵਿਚ ਬੇਰੁਜ਼ਗਾਰੀ ਹੈ ਉੱਥੇ ਨਾਲ ਹੀ ਅਰਧ-ਬੇਰੁਜ਼ਗਾਰੀ ਤੇ ਲੁਕੀ-ਛਿਪੀ ਬੇਰੁਜ਼ਗਾਰੀ ਹੈ। ਭਾਵੇਂ ਕਿਸਾਨ ਆਪਣੇ-ਆਪ ਨੂੰ ਰੁਜ਼ਗਾਰ 'ਤੇ ਲੱਗਾ ਸਮਝ ਰਿਹਾ ਹੈ ਪਰ ਉਹ ਦਿਨ ਵਿਚ ਮਸਾਂ ਇਕ-ਦੋ ਘੰਟੇ ਹੀ ਕੰਮ ਕਰਦਾ ਹੈ।

ਇਸ 'ਤੇ ਵੱਖ-ਵੱਖ ਕਿਸਮ ਦੀ ਬੇਰੁਜ਼ਗਾਰੀ ਦਾ ਪ੍ਰਸ਼ਨ ਇਹ ਹੈ ਕਿ ਇਸ 60 ਫੀਸਦੀ ਵਸੋਂ ਨੂੰ ਦੇਸ਼ ਦੀ ਕੁੱਲ ਆਮਦਨ ਵਿਚੋਂ ਸਿਰਫ 14 ਪ੍ਰਤੀਸ਼ਤ ਹਿੱਸਾ ਹੀ ਮਿਲਦਾ ਹੈ। ਜਦਕਿ ਬਾਕੀ ਦੀ 40 ਫੀਸਦੀ ਵਸੋਂ ਵਲੋਂ ਬਾਕੀ ਦਾ 86 ਫੀਸਦੀ ਹਿੱਸਾ ਡਕਾਰ ਲਿਆ ਜਾਂਦਾ ਹੈ। ਨਵੀਂ ਬਣੀ ਸਰਕਾਰ ਵੱਲੋਂ ਇੰਨੀ ਵੱਡੀ ਵੱਸੋਂ ਦੀ ਪਰੇਸ਼ਾਨੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹੋ ਜਿਹੇ ਖੇਤੀ-ਖੇਤਰ ਅਤੇ ਗੈਰ-ਖੇਤੀ ਖੇਤਰ ਦੀ ਔਸਤ ਆਮਦਨ ਬਰਾਬਰ ਹੋਣ ਦੀ ਰੁਚੀ ਹੋਵੇ ਭਾਵੇਂ ਉਸ ਵਿਚ ਸਮਾਂ ਹੀ ਲੱਗ ਜਾਵੇ। ਪਿਛਲੇ ਸਮਿਆਂ ਵਿਚ ਭਾਰਤ ਵਿਚ ਹੋਇਆ ਵਿਕਾਸ ਅਸਾਵਾਂ ਰਿਹਾ ਹੈ। ਕੁਝ ਸ਼ਹਿਰ ਅਤੇ ਪ੍ਰਾਂਤ ਬਹੁਤ ਵਿਕਸਤ ਹੋ ਗਏ ਹਨ। ਵਿਕਾਸ ਉਦਯੋਗਾਂ 'ਤੇ ਨਿਰਭਰ ਕਰਦਾ ਹੈ। ਦੁਨੀਆਂ ਦਾ ਕੋਈ ਵੀ ਵਿਕਸਤ ਦੇਸ਼ ਇਸ ਤਰ੍ਹਾਂ ਦਾ ਨਹੀਂ ਜਿੱਥੇ ਉਦਯੋਗਿਕ ਢਾਂਚਾ ਵਿਕਸਤ ਨਹੀਂ ਹੋਇਆ। ਪਰ ਭਾਰਤ ਵਿਚ ਜ਼ਿਆਦਾਤਰ ਲੋਕਾਂ ਦਾ ਭਾਵੇਂ ਖੇਤੀ ਹੀ ਮੁੱਖ ਪੇਸ਼ਾ ਸੀ ਪਰ ਖੇਤੀ ਆਧਾਰਤ ਉਦਯੋਗ ਵੀ ਵਿਕਸਤ ਨਹੀਂ ਹੋ ਸਕੇ। ਜਾਪਾਨ ਦਾ ਖੇਤੀ ਮਾਡਲ ਭਾਰਤ ਦੇ ਸਾਹਮਣੇ ਹੈ। ਉੱਥੇ ਦੀ ਵਸੋਂ ਦਾ ਵੱਡਾ ਭਾਰ ਹੈ। ਕਿਸੇ ਵਕਤ ਜਪਾਨ ਦੀ ਵਸੋਂ ਘਣਤਾ ਭਾਰਤ ਤੋਂ ਵੀ ਜ਼ਿਆਦਾ ਸੀ। ਉੱਥੇ ਵੀ ਖੇਤੀ ਜੋਤਾਂ ਦਾ ਆਕਾਰ ਬਹੁਤ ਛੋਟਾ ਹੈ। ਜੇ ਉਸ ਦੇਸ਼ ਨੇ ਖੇਤੀ ਵਸੋਂ ਦੀ ਅਰਥ ਬੇਰੁਜ਼ਗਾਰੀ ਦੂਰ ਕੀਤੀ ਹੈ ਤਾਂ ਉਸ ਦੇ ਖੇਤਾਂ ਦੇ ਨਾਲ-ਨਾਲ ਹੀ ਉੱਥੋਂ ਦੀ ਉਪਜ ਅਨੁਸਾਰ ਖੇਤੀ ਆਧਾਰਤ ਉਦਯੋਗ ਲਗਾਏ ਹਨ। ਕਿਸਾਨ ਦਿਨ ਦਾ ਕੁਝ ਸਮਾਂ ਜਾ ਅੱਧਾ ਸਮਾਂ ਉਨ੍ਹਾਂ ਉਦਯੋਗਿਕ ਇਕਾਈਆਂ ਵਿਚ ਕੰਮ ਕਰਦੇ ਹਨ। ਜਿਸ ਆਮਦਨ ਨੂੰ ਉਹ ਖੇਤੀ ਵਿਚ ਨਿਵੇਸ਼ ਕਰਦੇ ਹਨ। ਭਾਰਤ ਵਿਚ ਹਰ ਪ੍ਰਾਂਤ ਵਿਚ ਉਸ ਤਰ੍ਹਾਂ ਦੇ ਉਪਜ ਤੇ ਖੇਤੀ ਆਧਾਰਤ ਉਦਯੋਗਾਂ ਦੀ ਲੋੜ ਹੈ ਜਿਸ ਲਈ ਇਕ ਠੋਸ ਨੀਤੀ ਲਾਗੂ ਕਰਨੀ ਚਾਹੀਦੀ ਹੈ ਜਿਸ ਵਿਚ ਉਨ੍ਹਾਂ ਖੇਤੀ ਅਧਾਰਤ ਉਦਯੋਗਾਂ ਲਈ ਉਤਸ਼ਾਹ ਪੈਦਾ ਕਰਨਾ ਵੀ ਜ਼ਰੂਰੀ ਹੋਵੇ। ਭਾਰਤ ਵਿਚ ਹੋਏ ਹਰੇ ਇਨਕਲਾਬ ਦਾ ਮੁੱਖ ਆਧਾਰ ਰਸਾਇਣਾਂ ਦੀ ਜ਼ਿਆਦਾ ਵਰਤੋਂ ਰਿਹਾ ਹੈ ਪਰ ਉਨ੍ਹਾਂ ਰਸਾਇਣਾਂ ਦੀ ਵਧਦੀ ਵਰਤੋਂ ਕਰ ਕੇ ਇਕ ਤਾਂ ਜ਼ਮੀਨ ਦੀ ਉਪਜਾਊ ਸ਼ਕਤੀ ਕਮਜ਼ੋਰ ਹੁੰਦੀ ਗਈ ਜਿਸ ਲਈ ਹਰ ਸਾਲ ਰਸਾਇਣਾਂ ਦੀ ਵਰਤੋਂ ਵਿਚ ਵਾਧਾ ਕਰਨਾ ਪਿਆ। ਇਹ ਲੋਕ ਹਿੱਤ ਦੀ ਗੱਲ ਹੈ ਕਿ ਰਸਾਇਣਾਂ ਦੀ ਵਰਤੋਂ ਨੂੰ ਘਟਾ ਕੇ ਜੈਵਿਕ ਖੇਤੀ ਵਿਚ ਵੱਧ ਤੋਂ ਵੱਧ ਉਪਜ ਲਈ ਜਾਵੇ ਜਿਸ ਨਾਲ ਇਕ ਤਾਂ ਕਿਸਾਨ ਦੀ ਉਤਪਾਦਨ ਦੀ ਲਾਗਤ ਘਟੇਗੀ ਅਤੇ ਦੂਸਰਾ ਉਸ ਦੀ ਜ਼ਮੀਨ ਕਮਜ਼ੋਰ ਨਹੀਂ ਹੋਵੇਗੀ। ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਨੂੰ ਜੈਵਿਕ ਖੇਤੀ ਵਿਚ ਵੱਖ-ਵੱਖ ਉਪਜ ਲੈਣ ਲਈ ਖੋਜ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜੈਵਿਕ ਖੇਤੀ ਵੀ ਓਨੀ ਹੀ ਲਾਭਦਾਇਕ ਹੋਵੇ ਜਿੰਨੀ ਰਸਾਇਣਾਂ 'ਤੇ ਆਧਾਰਤ ਖੇਤੀ ਹੈ। 81 ਫੀਸਦੀ ਖੇਤੀ ਜੋਤਾਂ 5 ਏਕੜ ਤੋਂ ਛੋਟੀਆਂ ਹਨ ਜਦਕਿ ਖੇਤੀ ਮਾਹਿਰਾਂ ਅਨੁਸਾਰ ਜਿਹੜੀ ਵੀ ਜੋਤ 15 ਏਕੜ ਤੋਂ ਘੱਟ ਹੈ ਉਹ ਕਿਫਾਇਤੀ ਜੋਤ ਨਹੀਂ। ਕਿਸਾਨ ਦਾ ਪਰਿਵਾਰ ਉਸ ਨਾਲ ਚੰਗਾ ਰਹਿਣ-ਸਹਿਣ ਨਹੀਂ ਬਣਾ ਸਕਦਾ। ਖੇਤੀ ਦਾ ਅਨੁਪਾਤ ਤਾਂ ਵਧਾਇਆ ਨਹੀਂ ਜਾ ਸਕਦਾ ਪਰ ਸੀਮਤ ਖੇਤੀ ਵਿੱਚੋਂ ਹੀ ਇਸ ਨੂੰ ਕਿਫਾਇਤੀ ਬਣਾਉਣ ਲਈ ਕਿਸਾਨਾਂ ਦਾ ਖੇਤੀ ਫਸਲਾਂ ਵਿਚ ਹਿੱਸਾ ਬਣਾਇਆ ਜਾ ਸਕਦਾ ਹੈ। ਇਹ ਆਮ ਵੇਖਿਆ ਗਿਆ ਹੈ ਕਿ ਵਪਾਰਕ ਫਸਲਾਂ ਖਾਸ ਕਰਕੇ ਸਬਜ਼ੀਆਂ ਜਿਹੜੀਆਂ ਪ੍ਰਚੂਨ ਵਿਚ ਖਰੀਦਦਾਰ ਖਰੀਦਦਾ ਹੈ, ਉਹ ਕਈ ਵਾਰ ਖੇਤਾਂ ਵਿਚ ਵਿਕਰੀ ਤੋਂ 4 ਗੁਣਾ ਤੱਕ ਵੱਧ ਭਾਅ 'ਤੇ ਵਿਕ ਰਹੀਆਂ ਹੁੰਦੀਆਂ ਹਨ ਪਰ ਉਨ੍ਹਾਂ ਵਿਚ



ਡਾ. ਸ. ਸ. ਛੀਨਾ

ਕਿਸਾਨ ਦਾ ਕੋਈ ਹਿੱਸਾ ਨਹੀਂ ਹੁੰਦਾ। ਖੇਤੀ ਉਪਜਾਂ ਦਾ ਵਪਾਰ ਕਰਨ ਵਾਲੇ ਵਪਾਰੀ ਹਮੇਸ਼ਾ ਹੀ ਵੱਡੇ ਲਾਭ ਕਮਾ ਰਹੇ ਹੁੰਦੇ ਹਨ ਭਾਵੇਂ ਖੇਤੀ ਉਪਜ ਘੱਟ ਹੋਵੇ ਜਾਂ ਵੱਧ।

ਭਾਵੇਂ ਕਿਸੇ ਸਮੇਂ ਫਸਲਾਂ ਦੀ ਕਿਸੇ ਕੁਦਰਤੀ ਕਾਰਨ ਕਰ ਕੇ ਬਰਬਾਦੀ ਹੋ ਗਈ ਹੋਵੇ, ਫਿਰ ਵੀ ਖੇਤੀ ਉਪਜਾਂ ਦੇ ਵਪਾਰੀ ਲਾਭ ਕਮਾ ਰਹੇ ਹੁੰਦੇ ਹਨ। ਭਾਰਤ ਨੇ ਡੇਅਰੀ ਸਹਿਕਾਰਤਾ ਦੇ ਮਾਡਲ ਨੂੰ ਅਪਣਾ ਕੇ ਕਿਸਾਨਾਂ ਦੀ ਵੱਡੀ ਮਦਦ ਕੀਤੀ ਹੈ। ਇਸ ਮਾਡਲ ਵਿਚ ਕਿਸਾਨ ਜਦੋਂ ਪਿੰਡ ਵਿਚ ਦੁੱਧ ਵੇਚ ਦਿੰਦਾ ਹੈ, ਉਹ ਉਸ ਦੀ ਕੀਮਤ ਤਾਂ ਲੈਂਦਾ ਹੈ, ਫਿਰ ਵੀ ਡੇਅਰੀ ਦੀਆਂ ਹੋਰ ਬਣਨ ਵਾਲੀਆਂ ਵਸਤਾਂ ਅਤੇ ਉਸ ਦੇ ਮੁੱਲ ਵਾਧੇ ਵਿਚ ਉਸ ਦਾ ਹਿੱਸਾ ਬਣਿਆ ਰਹਿੰਦਾ ਹੈ। ਇੱਥੋਂ ਤੱਕ ਕਿ ਡੇਅਰੀ ਵਸਤਾਂ ਦਾ ਨਿਰਯਾਤ ਤੇ ਲਾਭਾਂ ਵਿਚ ਵੀ ਕਿਸਾਨ ਦਾ ਹਿੱਸਾ ਹੁੰਦਾ ਹੈ ਜਿਹੜਾ ਇਕੱਲੇ ਕਿਸਾਨ ਲਈ ਸੰਭਵ ਹੀ ਨਹੀਂ। ਨਿਰਯਾਤ ਤਾਂ ਕੀ, ਉਹ ਤਾਂ ਦੁੱਧ ਜਾਂ ਦੁੱਧ ਤੋਂ ਬਣੀਆਂ ਵਸਤਾਂ ਨੂੰ ਦੂਸਰੇ ਸ਼ਹਿਰ, ਪ੍ਰਾਂਤ ਵਿਚ ਵੀ ਨਹੀਂ ਵੇਚ ਸਕਦਾ। ਇਸ ਤਰ੍ਹਾਂ ਦਾ ਸਹਿਕਾਰੀ ਮਾਡਲ ਹੋਰ ਫਸਲਾਂ ਲਈ ਅਪਣਾਉਣਾ ਚਾਹੀਦਾ ਹੈ ਖਾਸ ਕਰਕੇ ਸਬਜ਼ੀਆਂ ਅਤੇ ਫਲਾਂ ਲਈ ਤਾਂ ਕਿ ਇਨ੍ਹਾਂ ਵਸਤਾਂ ਦੇ ਮੁੱਲ ਵਾਧੇ ਵਿਚ ਕਿਸਾਨ ਦਾ ਵੀ ਹਿੱਸਾ ਹੋਵੇ ਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਨ੍ਹਾਂ ਵਸਤਾਂ ਲਈ ਡੇਅਰੀ ਸਹਿਕਾਰਤਾ ਵਾਲਾ ਮਾਡਲ ਅਪਣਾਇਆ ਜਾਵੇ ਜਿਸ ਵਿਚ ਕਿਸਾਨ ਨੂੰ ਆਪਣੀ ਫਸਲ ਦੀ ਵਿਕਰੀ ਦਾ ਯਕੀਨੀਕਰਨ ਹੋਵੇ ਅਤੇ ਫਿਰ ਉਸ ਦੇ ਮੁੱਲ ਵਾਧੇ 'ਚ ਹਿੱਸਾ ਬਣੇ।

ਕਿਸਾਨ ਪੱਖੀ ਬਣਾਏ ਜਾਣ ਵਾਲੇ ਮਾਡਲ ਵਿਚ ਘੱਟੋ-ਘੱਟ ਸਮਰਥਨ ਮੁੱਲ ਸਿਰਫ ਕਣਕ ਅਤੇ ਝੋਨੇ ਲਈ ਹੀ ਨਹੀਂ ਸਗੋਂ ਹੋਰ ਉਨ੍ਹਾਂ ਵਸਤਾਂ ਲਈ ਵੀ ਯਕੀਨੀ ਬਣਾਇਆ ਜਾਵੇ ਜਿਹੜੀਆਂ ਉਸ ਪ੍ਰਦੇਸ਼ ਦੀਆਂ ਮੁੱਖ ਫਸਲਾਂ ਹਨ ਜਿਵੇਂ ਰਾਜਸਥਾਨ ਵਿਚ ਤੇਲਾਂ ਦੇ ਬੀਜ, ਮੱਧ ਪ੍ਰਦੇਸ਼ ਵਿਚ ਦਾਲਾਂ ਆਦਿ। ਫਿਰ ਉਨ੍ਹਾਂ ਵਸਤਾਂ ਵਿਚ ਵੀ ਵੱਖ-ਵੱਖ ਖੇਤਰਾਂ ਵਿਚ ਵੀ ਜ਼ੋਨ ਬਣਾਏ ਜਾ ਸਕਦੇ ਹਨ ਜਿਨ੍ਹਾਂ ਵਿਚ ਉਸ ਜ਼ੋਨ ਦੀਆਂ ਪ੍ਰਮੁੱਖ ਫਸਲਾਂ ਨੂੰ ਉਸ ਪ੍ਰਦੇਸ਼ ਦੀ ਸਰਕਾਰ ਆਪ ਖਰੀਦੇ ਜਾਂ ਕੇਂਦਰ ਸਰਕਾਰ ਨਾਲ ਭਾਈਵਾਲੀ ਵਿਚ ਖਰੀਦੇ। ਭਾਰਤ ਲੱਖਾਂ ਕਰੋੜਾਂ ਰੁਪਏ ਦੇ ਦਾਲਾਂ ਅਤੇ ਖਾਣ ਵਾਲੇ ਤੇਲਾਂ ਦਾ ਆਯਾਤ ਕਰ ਰਿਹਾ ਹੈ। ਉਸ ਤੋਂ ਛੁਟਕਾਰੇ ਲਈ ਇਸ ਦੀ ਸਰਕਾਰੀ ਖਰੀਦ ਦੀ ਗਾਰੰਟੀ ਵਾਲੇ ਉਤਸ਼ਾਹ ਨਾਲ ਵੱਡੀ ਰਾਹਤ ਮਿਲ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਕਿਸਾਨੀ ਨੂੰ ਦਿੱਤੇ ਜਾਣ ਵਾਲੇ ਕਰਜ਼ੇ ਨੂੰ ਘੱਟ ਵਿਆਜ 'ਤੇ ਦਿੱਤਾ ਜਾ ਰਿਹਾ ਹੈ ਅਤੇ ਜੇ ਕਿਸਾਨ ਉਸ ਦੀ ਸਮੇਂ ਸਿਰ ਅਦਾਇਗੀ ਕਰ ਦੇਵੇ ਤਾਂ ਉਸ ਨੂੰ ਸਿਰਫ 4% ਵਿਆਜ ਦੇਣਾ ਪੈਂਦਾ ਹੈ ਅਤੇ 3 ਫੀਸਦੀ ਹੋਰ ਛੋਟ ਦੇ ਦਿੱਤੀ ਜਾਂਦੀ ਹੈ। ਮੌਜੂਦਾ ਹਾਲਾਤ ਅਨੁਸਾਰ ਕੁਝ ਫਸਲਾਂ ਦੀ ਉਪਜ ਜਿਨ੍ਹਾਂ 'ਚ ਦਾਲਾਂ ਅਤੇ ਤੇਲਾਂ ਦੇ ਬੀਜ ਆਉਂਦੇ ਹਨ ਜਾਂ ਕਿਸੇ ਖੇਤੀ ਆਧਾਰਤ ਉਦਯੋਗ ਲਈ ਕੱਚਾ ਮਾਲ ਹੈ, ਉਸ ਨੂੰ ਵੀ ਰਿਆਇਤ ਦੇਣੀ ਚਾਹੀਦੀ ਹੈ। ਬੀਤੇ ਸਮਿਆਂ 'ਚ ਕੇਂਦਰ ਸਰਕਾਰ ਨੇ ਖੇਤੀ ਲਈ ਬੀਮੇ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਵੇਖਣ 'ਚ ਆਇਆ ਹੈ ਕਿ ਪਸ਼ੂਆਂ ਦੇ ਬੀਮੇ ਤੋਂ ਬਿਨਾਂ ਹੋਰ ਉਪਜਾਂ ਲਈ ਕਿਸਾਨਾਂ ਨੇ ਬੀਮਾ ਨਹੀਂ ਕਰਵਾਇਆ ਹੈ ਜਦਕਿ ਇਹ ਬੈਂਕ ਦੇ ਕਰਜ਼ੇ ਦੀ ਜ਼ਰੂਰੀ ਸ਼ਰਤ ਸੀ। ਇਸ ਪੱਖੋਂ ਬੀਮੇ ਨੂੰ ਫਸਲਾਂ, ਬੀਮੇ ਤੋਂ ਖੇਤੀ ਆਧਾਰਤ ਮੁੱਲ ਵਾਧੇ ਦੀਆਂ ਕਾਰਵਾਈਆਂ ਤੱਕ ਵਧਾ ਕੇ ਇਸ ਦੇ ਪ੍ਰੀਮੀਅਮ ਨੂੰ ਓਨਾ ਕੁ ਹੀ ਰੱਖਣਾ ਚਾਹੀਦਾ ਹੈ ਜਿਸ ਨਾਲ ਕਿਸਾਨ ਇਸ ਨੂੰ ਬੋਝ ਨਾ ਸਮਝੇ।

ਪਿੱਛੇ ਜਿਹੇ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿਚ ਜੜ੍ਹੀਆਂ-ਬੂਟੀਆਂ ਦੀ ਕਾਸ਼ਤ ਕਰਨ ਅਤੇ ਉਨ੍ਹਾਂ ਦੇ ਵਪਾਰ ਕਰਨ ਖਾਸ ਕਰ ਕੇ ਨਿਰਯਾਤ ਕਰਨ ਨੂੰ ਉਤਸ਼ਾਹਤ ਕਰਨ ਲਈ ਵਿਚਾਰ-ਚਰਚਾ ਕੀਤੀ ਗਈ ਸੀ ਪਰ ਹਕੀਕਤ ਇਹ ਹੈ ਕਿ ਇਹ ਕੰਮ ਕੋਈ ਵੀ ਕਿਸਾਨ ਆਪਣੇ-ਆਪ ਨਹੀਂ ਕਰ ਸਕਦਾ। ਇਸ ਲਈ ਤਕਨੀਕੀ ਮਾਹਿਰਾਂ ਵੱਲੋਂ ਹੀ ਉਨ੍ਹਾਂ ਬੂਟੀਆਂ ਨੂੰ ਲਗਾਇਆ ਜਾ ਸਕਦਾ ਹੈ ਕੋਈ ਵੀ ਕਿਸਾਨ ਇਨ੍ਹਾਂ ਦੇ ਵਪਾਰ ਬਾਰੇ ਸੋਚ ਨਹੀਂ ਸਕਦਾ ਖਾਸ ਤੌਰ 'ਤੇ ਨਿਰਯਾਤ ਲਈ। ਇਸ ਲਈ ਸਰਕਾਰ ਵੱਲੋਂ ਨਿਯੁਕਤ ਖੇਤੀ ਤੇ ਤਕਨੀਕੀ ਮਾਹਿਰਾਂ ਨੂੰ ਕਿਸਾਨਾਂ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਯਕੀਨਨ ਇਸ ਦੇ ਚੰਗੇ ਸਿੱਟੇ ਨਿਕਲਣਗੇ ਜਿਨਾਂ ਨਾਲ ਖੇਤੀ ਆਮਦਨ ਵਿਚ ਵਾਧਾ ਹੋਵੇਗਾ। ਟਿਊਬਵੈੱਲ, ਟਰੈਕਟਰ ਅਤੇ ਹੋਰ ਮਸ਼ੀਨਰੀ ਦੀ ਟੁੱਟ-ਭੱਜ ਅਤੇ ਰਿਪੇਅਰ 'ਤੇ ਇਕ ਕਾਫੀ ਪੈਸੇ ਲੱਗ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਵਰਕਸ਼ਾਪ 'ਤੇ ਖੜ੍ਹਨ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਸੰਨ 1980 ਦੇ ਕਰੀਬ ਸਰਕਾਰ ਵਲੋਂ ਮਾਡਲ ਗ੍ਰਾਮ ਬਣਾਏ ਜਾਣੇ ਸਨ। ਇਹ ਕੰਮ ਰਿਆਇਤੀ ਲਾਗਤ 'ਤੇ ਹੋ ਸਕਦੇ ਹਨ। ਪਿੰਡਾਂ ਦੀਆਂ ਖੇਤੀ ਸਹਿਕਾਰੀ ਸਭਾਵਾਂ ਵੱਲੋਂ ਸਿਰਫ ਖਾਦਾਂ ਹੀ ਨਹੀਂ ਮਸ਼ੀਨਾਂ, ਟਰੈਕਟਰਾਂ ਆਦਿ ਨੂੰ ਕਿਰਾਏ 'ਤੇ ਦੇਣ ਦੀ ਵਿਵਸਥਾ ਵੀ ਕਰਨੀ ਚਾਹੀਦੀ ਹੈ ਤੇ ਕਿਸਾਨਾਂ ਦੀ ਮੈਂਬਰਸ਼ਿਪ ਵਧਾਉਣੀ ਚਾਹੀਦੀ ਹੈ।

# ਕਿਸਾਨਾਂ ਦੀ ਵਿਗਿਆਨਕ ਸੋਚ ਨੂੰ ਹੁੰਗਾਰਾ ਦੇਣ ਦੀ ਲੋੜ



ਡਾ. ਨਰੇਸ਼ ਕੁਮਾਰ ਗੁਲਾਟੀ,
ਡਾ. ਗੁਰਦੀਪ ਸਿੰਘ

ਪੰਜਾਬ 'ਚ ਖੇਤੀ ਨੀਤੀ ਨਿਰਮਾਤਾਵਾਂ ਨੂੰ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ ਅਜਿਹੀਆਂ ਸੈਂਕੜੇ ਨੀਤੀਆਂ ਹਨ ਜੋ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿਚ ਟੈਸਟ/ਲਾਗੂ ਕਰਨ ਤੋਂ ਬਾਅਦ ਸਿਰੇ ਤੋਂ ਨਕਾਰ ਦਿੱਤੀਆਂ ਪਰ ਅਜਿਹੀਆਂ ਕਿਸਾਨਾਂ ਵੱਲੋਂ ਨਕਾਰੀਆਂ ਜਾ ਚੁੱਕੀਆਂ ਤਕਨੀਕਾਂ ਨੂੰ ਲਾਗੂ ਕਰਵਾਉਣ ਲਈ ਅਜੇ ਵੀ ਬਜਟ ਦਾ ਚੁੱਕੀਆਂ ਤਕਨੀਕਾਂ ਨੂੰ ਲਾਗੂ ਕਰਵਾਉਣ ਲਈ ਅਜੇ ਵੀ ਬਜਟ ਦਾ ਵੱਡਾ ਹਿੱਸਾ ਰਿਲੀਜ਼ ਕੀਤਾ ਜਾ ਰਿਹਾ ਹੈ ਤੇ ਮਹੱਤਵਪੂਰਨ ਸਰਮਾਇਆ ਅਜ਼ਾਈਂ ਗਵਾਇਆ ਜਾ ਰਿਹਾ ।

ਮਿਸਾਲ ਦੇ ਤੌਰ 'ਤੇ ਖੇਤੀ ਵਿਭਿੰਨਤਾ ਦੇ ਨਾਂ 'ਤੇ ਪਿਛਲੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਅਸਰ ਨਜ਼ਰ ਨਹੀਂ ਆ ਰਿਹਾ ਬਲਕਿ ਪਿਛਲੇ ਸਾਲਾਂ ਦੌਰਾਨ ਸਾਉਣੀ ਰੁੱਤ ਵਿਚ ਝੋਨੇ ਹੇਠ ਰਕਬਾ ਘੱਟਦਾ ਦਿੱਖ ਨਹੀਂ ਰਿਹਾ ਹੈ । ਅੱਜ ਸੂਬੇ ਵਿਚ ਸਾਉਣੀ ਰੁੱਤ ਦੀ ਮੱਕੀ ਦਾ ਰਕਬਾ, ਦਾਲਾਂ ਹੇਠ ਰਕਬਾ ਨਾਂਹ ਦੇ ਬਰਾਬਰ ਹੈ । ਇਸੇ ਤਰ੍ਹਾਂ ਝੋਨੇ ਦੀ ਬਚ-ਖੁੱਚ ਦੀ ਸੰਭਾਲ ਦੀਆਂ ਸਕੀਮਾਂ ਦਾ ਵੀ ਅਜਿਹਾ ਹੀ ਕੁਝ ਨਤੀਜਾ ਹੈ । ਅੱਜ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਡੀ ਐਸ ਆਰ ਵਿਧੀ ਅਧੀਨ ਵੀ ਰਕਬਾ ਵਧਣ ਦੀ ਬਜਾਏ ਘੱਟ ਰਿਹਾ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਡੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨ ਨਵੀਆਂ ਤਕਨੀਕਾਂ ਜਾਂ ਪਾਲਸੀਆਂ ਨੂੰ ਅਪਣਾਉਂਦਾ ਕਿਉਂ ਨਹੀਂ ਹੈ । ਕੀ ਸਾਡਾ ਕਿਸਾਨ ਸਮਝਦਾ ਨਹੀਂ ਹੈ ਜਾਂ ਸਾਡੇ 'ਚ ਤਕਨੀਕਾਂ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਸਮਝਾਉਣ ਵਿਚ ਕਮੀ ਹੈ ।

ਇਕ ਗੱਲ ਤਾਂ ਬਿਲਕੁਲ ਸਪੱਸ਼ਟ ਹੈ ਕਿ ਸਾਡੇ ਪੰਜਾਬ ਦਾ ਕਿਸਾਨ ਕਿਸੇ ਸਾਇੰਸਦਾਨ ਤੋਂ ਘੱਟ ਨਹੀਂ ਹੈ । ਸਾਡਾ ਕਿਸਾਨ ਬੇਹੱਦ ਤਕਨੀਕੀ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਸਮਝਾਉਣ ਵਿਚ ਕਮੀ ਹੈ ।

ਇਕ ਗੱਲ ਤਾਂ ਬਿਲਕੁੱਲ ਸਪੱਸ਼ਟ ਹੈ ਕਿ ਸਾਡੇ ਪੰਜਾਬ ਦਾ ਕਿਸਾਨ ਕਿਸੇ ਸਾਇੰਸਦਾਨ ਤੋਂ ਘੱਟ ਨਹੀਂ ਹੈ । ਸਾਡਾ ਕਿਸਾਨ ਬੇਹੱਦ ਤਕਨੀਕੀ ਤੇ ਵਪਾਰਕ ਸਮਝ ਰੱਖਣ ਵਾਲਾ ਹੈ ਤੇ ਇਸ ਗੱਲ ਦਾ ਸਾਨੂੰ ਮਾਣ ਵੀ ਹੈ । ਇਹ ਵੀ ਸਪੱਸ਼ਟ ਹੈ ਕਿ ਸਾਡੇ ਖੇਤੀ ਪਸਾਰ ਮਾਹਿਰ ਵੀ ਕਿਸਾਨਾਂ ਤੱਕ ਤਕਨੀਕਾਂ ਨੂੰ ਪਹੁੰਚਾਉਣ ਵਿਚ ਵੱਡੀ ਮੁਹਾਰਤ ਰੱਖਦੇ ਹਨ । ਅਜਿਹੀਆਂ ਤਕਨੀਕਾਂ ਜਿਨ੍ਹਾਂ ਦਾ ਕਿਸਾਨ ਨੂੰ ਫਾਇਦਾ ਹੁੰਦਾ ਹੈ ਅਤੇ ਜੋ ਕਿਸਾਨ ਅਨੁਸਾਰ ਉਸ ਲਈ ਲਾਭਦਾਇਕ ਹਨ, ਕਿਸਾਨ ਅਜਿਹੀਆਂ ਤਕਨੀਕਾਂ ਨੂੰ ਅਪਣਾਉਂਦਾ ਹੈ । ਉਦਾਹਰਣ ਵਜੋਂ ਲੈਂਡ ਲੇਜ਼ਰ ਲੈਵਲਰ ਭਾਵ ਕੰਪਿਊਟਰ ਕੁਰਾਹਾ, ਝੋਨੇ ਦੀ ਸਮੇਂ ਸਿਰ ਲਵਾਈ ਦਾ ਕਾਨੂੰਨ-ਸਬ ਸੁਆਇਲ ਵਾਟਰ ਪ੍ਰੀਜ਼ਰਵੇਸ਼ਨ ਐਕਟ, ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੀ ਜਾਂਦੀ ਮਸ਼ੀਨ ਬੇਲਰ, ਹੈਪੀ ਸੀਡਰ, ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਵਗੈਰਾ ।

ਇਨ੍ਹਾਂ ਤਕਨੀਕਾਂ ਦਾ ਪਸਾਰਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜਿਨ੍ਹਾਂ ਤਕਨੀਕਾਂ ਦਾ ਫਾਇਦਾ ਕਿਸਾਨ ਨੂੰ ਹੁੰਦਾ ਹੈ ਕਿਸਾਨ ਆਪ-ਮੁਹਾਰੇ ਅਜਿਹੀਆਂ ਤਕਨੀਕਾਂ ਨੂੰ ਅਪਣਾ ਲੈਂਦਾ ਹੈ । ਇਸ ਗੱਲ ਤੋਂ ਸਾਨੂੰ ਕਿਸਾਨ ਦੀ ਲੋੜ ਅਨੁਸਾਰ ਹੀ ਜਿਥੇ ਤਕਨੀਕਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਬਲਕਿ ਕਿਸਾਨ ਵਲੋਂ ਆਪਣੇ ਪੱਧਰ 'ਤੇ ਅਪਣਾਏ ਜਾ ਰਹੇ ਤਰੀਕਿਆਂ ਵਿਚ ਲੋੜੀਂਦੇ ਸੁਧਾਰ ਦਾ ਸਿਲਸਿਲਾ ਚਲਾਉਂਦੇ ਹੋਏ ਇਨ੍ਹਾਂ ਤਕਨੀਕਾਂ ਨੂੰ ਸਮੇਂ ਦੇ ਹਾਣੀ ਬਣਾ ਕੇ ਕਿਸਾਨਾਂ ਲਈ ਵਧੇਰੇ ਲਾਭਕਾਰੀ ਬਣਾਉਣਾ ਚਾਹੀਦਾ ਹੈ ਨਾ ਕਿ ਕਿਤਾਬੀ ਪੱਖੀ ਤਕਨੀਕਾਂ ਨੂੰ ਜੋ ਖੇਤਾਂ ਵਿਚ ਕਿਸਾਨਾਂ ਲਈ ਮੁਸ਼ਕਿਲਾਂ ਦਾ ਸਬੱਬ ਬਣਦੀਆਂ ਹਨ । ਸਾਡੇ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਚੰਗਾ ਹੁੰਗਾਰਾ ਨਹੀਂ ਦਿੱਤਾ ਜਾ ਰਿਹਾ ਜਿਸ ਦਾ ਸਿੱਧਾ ਮਤਲਬ ਹੈ ਕਿ ਕਿਸਾਨ ਦੇ ਖੇਤਾਂ ਵਿਚ ਇਸ ਵਿਧੀ ਨੇ ਕੁਝ ਅਜਿਹਾ ਪ੍ਰਭਾਵ ਨਹੀਂ ਛੱਡਿਆ ਜਿਸ ਕਰਕੇ ਸਾਨੂੰ ਅੱਗੇ ਇਸ ਤਕਨੀਕ 'ਚ ਸੁਧਾਰ ਲਿਆਉਣਾ ਚਾਹੀਦਾ ਹੈ ।

ਜੇ ਇਹ ਤਕਨੀਕ ਕਿਸਾਨ ਲਈ ਲਾਹੇਵੰਦੀ ਹੁੰਦੀ ਤਾਂ ਸਰਕਾਰ ਵੱਲੋਂ ਮਾਣ ਭੱਤੇ ਦੇ ਹੋਣ ਦੇ ਕਰਕੇ ਇਸ ਤਕਨੀਕ ਵੱਡੇ ਪੱਧਰ 'ਤੇ ਅਪਣਾਈ ਜਾਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਹੋ ਰਿਹਾ । ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ । ਫਸਲੀ ਵਿਭਿੰਨਤਾ 'ਤੇ ਵੀ ਜ਼ੋਰ ਲਗਾਉਣ ਬਦਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਦੀ ਲੋੜ ਹੈ । ਸਾਡੇ ਨੀਤੀ ਨਿਰਮਾਤਾਵਾਂ ਨੂੰ ਇਸ ਕੌੜੀ ਸਚਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਲਈ ਝੋਨੇ ਦੀ ਫਸਲ ਦੀ ਜਿਤਨਾ ਚਿਰ ਤੱਕ ਸਰਕਾਰ ਦੀ ਖਰੀਦ ਚੱਲ ਰਹੀ ਹੈ ਤੇ ਦੇਸ਼ ਨੂੰ ਅੰਨ ਦੀ ਲੋੜ ਹੈ, ਨੂੰ ਛੱਡਣਾ ਮੁਸ਼ਕਿਲ ਹੈ ਸਾਨੂੰ ਕਿਸਾਨ ਨੇ ਨਾਲ ਚੱਲਦੇ ਹੋਏ ਅਜਿਹੇ ਢੰਗ ਤਰੀਕਿਆਂ 'ਤੇ ਜ਼ੋਰ ਲਗਾਉਣ ਦੀ ਲੋੜ ਹੈ ਜਿਨ੍ਹਾਂ ਨਾਲ ਪਾਣੀ ਬਚਾਇਆ ਜਾ ਸਕਦਾ ਹੋਵੇ । ਝੋਨੇ ਵਾਸਤੇ ਠੋਸ ਨੀਤੀ ਜੋ ਕਿਸਾਨਾਂ ਨਾਲ ਆਮ ਕਿਸਾਨਾਂ ਨਾਲ ਮਿਲ ਕੇ ਘੜੀ ਜਾਵੇ, ਨਾਲ ਹੀ ਹੌਲੀ ਹੌਲੀ ਰਕਬਾ ਘਟਾਇਆ ਜਾ ਸਕਦਾ ਹੈ । ਅੱਜ ਸਾਡੇ ਸੂਬੇ ਕਿਸਾਨਾਂ ਨੇ ਆਪਣੇ ਪੱਧਰ 'ਤੇ ਉਪਰਾਲੇ ਕਰਦੇ ਹੋਏ ਝੋਨੇ ਦੀ ਕੱਦੂ ਕਰਨ ਤੋਂ ਬਗੈਰ ਕਾਸ਼ਤ ਕਰਕੇ ਕਾਮਯਾਬੀ ਦੀ ਕਹਾਣੀ ਲਿਖ ਦਿੱਤੀ ਹੈ ।

ਸਾਡੇ ਕਿਸਾਨਾਂ ਵੱਲੋਂ ਸੁੱਕੇ ਕੱਦੂ ਤੇ ਏ ਐਸ ਆਰ ਫਗਵਾੜਾ ਵਿਧੀ ਨੂੰ ਅਪਣਾ ਕੇ ਝੋਨੇ ਦੀ ਫਸਲ ਵਿਚ ਕਿਸਾਨਾਂ ਅਨੁਸਾਰ ਲਗਭਗ 50% ਤੱਕ ਪਾਣੀ ਦੀ ਬੱਚਤ ਕੀਤੀ ਜਾ ਰਹੀ ਹੈ । ਕਿਸਾਨਾਂ ਵੱਲੋਂ ਡਾ ਦਲੇਰ ਸਿੰਘ ਤੇ ਅਵਤਾਰ ਸਿੰਘ ਫਗਵਾੜਾ ਵੱਲੋਂ ਸੁਝਾਈਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ । ਹੁਣ ਸਾਡੇ ਨੀਤੀ ਨਿਰਮਾਤਾਵਾਂ ਦਾ ਫਰਜ਼ ਬਣਦਾ ਹੈ ਕਿ ਕਿਸਾਨਾਂ ਵੱਲੋਂ ਆਪ-ਮੁਹਾਰੇ ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਬਾਰੇ ਖੋਜ ਖਬਰ ਲਈ ਜਾਵੇ । ਇਹ ਵਿਗਿਆਨਿਕ ਆਧਾਰ ਮਿੱਲਣ ਨਾਲ ਕਿਸਾਨਾਂ 'ਚ ਤਕਨੀਕ ਪ੍ਰਤੀ ਭਰੋਸੇ ਦੀ ਭਾਵਨਾ ਪੈਦਾ ਹੋਵੇਗੀ ਕਿਉਂਕਿ ਕਿਸਾਨਾਂ ਵੱਲੋਂ ਸੁੱਕਾ ਕੱਦੂ ਤੇ ਏ ਐਸ ਆਰ ਵਿਧੀ ਅਪਣਾ ਕੇ ਕਾਮਯਾਬੀ ਨਾਲ ਝੋਨਾ ਪੈਦਾ ਕੀਤਾ ਜਾ ਰਿਹਾ ਹੈ ।

## ਕਿਸਾਨਾਂ ਦਾ ਭਰੋਸਾ ਕਾਇਮ

ਸਾਡਾ ਕਿਸਾਨ ਹਮੇਸ਼ਾ ਨਵੀਆਂ ਤਕਨੀਕਾਂ ਨੂੰ ਸਨਮਾਨ ਦੇਣ ਲਈ ਤਤਪਰ ਰਹਿੰਦਾ ਹੈ ਬਸ਼ਰਤੇ ਕਿ ਤਕਨੀਕ ਕਿਸਾਨ ਦੇ ਮਾਲੀ ਹਿੱਤ ਅਨੁਸਾਰ ਹੋਵੇ ਅਤੇ ਅਜਿਹੀ ਤਕਨੀਕ ਦੇ ਪਸਾਰੇ ਤੇ ਕੋਈ ਬਹੁਤਾ ਜ਼ੋਰ ਲਗਾਉਣ ਦੀ ਲੋੜ ਵੀ ਨਹੀਂ ਹੁੰਦੀ ਸਾਨੂੰ ਚਾਹੀਦਾ ਹੈ ਕਿ ਅਸੀਂ ਤਕਨੀਕ ਦੇ ਪ੍ਰਚਾਰ ਪ੍ਰਸਾਰ ਲਈ ਕੋਸ਼ਿਸ਼ਾਂ ਜ਼ਰੂਰ ਕਰੀਏ ਪਰ ਜੇਕਰ ਕਿਸਾਨ ਨੇ ਤਕਨੀਕ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ ਤਾਂ ਉਸ ਨੂੰ ਛੱਡ ਕੇ/ਜਾਂ ਲੋੜੀਂਦੇ, ਸੁਧਾਰ ਕਰਕੇ ਦੂਸਰੀਆਂ ਕਿਸਾਨ ਹਿੱਤੂ ਤਕਨੀਕਾਂ ਬਾਰੇ ਪ੍ਰਚਾਰ ਪਸਾਰ ਕਰੀਏ ਅਤੇ ਨਾਲ ਹੀ ਕਿਸਾਨਾਂ ਵੱਲੋਂ ਅਪਣਾਈਆਂ ਜਾ ਰਹੀਆਂ ਤਕਨੀਕਾਂ ਦੀ ਲੋੜੀਂਦੀ ਸੋਧ, ਪ੍ਰਚਾਰ ਲਈ ਬਣਦਾ ਉਪਰਾਲਾ ਵੀ ਜ਼ਰੂਰ ਕਰੀਏ ।

# ਕਿਸਾਨ ਵੀਰਾਂ ਲਈ ਖੇਤੀ ਰੁਝੇਵੇਂ

**ਝੋਨਾ** : ਝੋਨੇ ਦੀ ਪਨੀਰੀ ਵਿਚ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਦੀ ਰੌਣੀ ਉਪਰੰਤ ਆਖਰੀ ਵਾਹੀ ਵੇਲੇ 40 ਗ੍ਰਾਮ ਸਰ੍ਹੋਂ ਦੀ ਖਲ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪਾਓ ।



ਆਉਣ ਵਾਲੇ ਦਿਨਾਂ ਦੌਰਾਨ ਮੌਨਸੂਨ ਦੀ ਵਰਖਾ ਦਾ ਅਨੁਮਾਨ ਹੈ ਜਿਸਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨ ਵੀਰ ਝੋਨਾ/ਬਾਸਮਤੀ ਦੀ ਪਨੀਰੀ ਦੀ ਲੁਆਈ ਕਰ ਲੈਣ ।

**ਨਰਮਾ** : ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ, ਕਿਉਂਕਿ ਪੱਤਾ ਮਰੋੜ ਵਾਇਰਸ ਨਰਮੇ 'ਤੇ ਹਮਲਾ ਕਰਨ ਤੋਂ ਪਹਿਲਾਂ ਇੱਥੇ ਹੀ ਪਲਦਾ ਹੈ । ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਓ ।

ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ । ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ । ਜਿੱਥੇ ਕਿਤੇ ਇੱਟਸਿੱਟ ਨਦੀਨ ਪਹਿਲੀ ਸਿੰਚਾਈ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇੱਕ ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲੀਟਰ ਪਾਣੀ ਵਿਚ ਘੋਲ ਕੇ ਛਿੜਕੋ ।

**ਹਰੇ ਚਾਰੇ** : ਗੈਰ-ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ + ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ । ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫੇ ਬਾਅਦ ਲਗਾਤਾਰ ਪਾਣੀ ਦਿਉ ।

**ਮੱਕੀ** : ਮਈ ਮਹੀਨੇ ਦੇ ਅਖੀਰ ਤੋਂ ਅਖੀਰ ਜੂਨ ਤੱਕ ਮੱਕੀ ਦੀ ਕਾਸ਼ਤ ਕਰੋ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਹੀ ਬੀਜੋ । ਬੈੱਡ ਬਣਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਬੈੱਡ ਜਾਂ ਵੱਟਾਂ 'ਤੇ ਮੱਕੀ ਦੀ ਬਿਜਾਈ ਨੂੰ ਤਰਜੀਹ ਦਿਓ । ਖਾਦਾਂ ਮਿੱਟੀ ਪਰਖ ਦੇ ਆਧਾਰ 'ਤੇ ਹੀ ਪਾਉ ।

**ਕਮਾਦ** : ਫ਼ਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ 'ਤੇ ਪਾਣੀ ਦਿੰਦੇ ਰਹੋ । ਡੀਲਾ/ਮੋਥਾ ਦੀ ਰੋਕਥਾਮ ਲਈ 2,4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਉ । ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ ।

**ਬਾਗਬਾਨੀ** : ਚੱਲ ਰਹੇ ਗਰਮ ਮੌਸਮ ਕਾਰਨ ਫਲਾਂ ਦਾ ਕੇਰਾ ਵੱਧ ਸਕਦਾ ਹੈ । ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਆਦਿ ਵਿੱਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ । ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ । ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜ਼ੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ । ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ ।

**ਸਬਜ਼ੀਆਂ** : ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ । ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ । ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ । ਮਾਰਚ ਵਿਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ ।

**ਪਸ਼ੂ ਪਾਲਣ** : ਵਧੇਰੇ ਦੁੱਧ ਲੈਣ ਲਈ ਖੁਰਾਕ ਵਿਚ ਊਰਜਾ ਦੀ ਲੋੜ ਹੁੰਦੀ ਹੈ । ਪੱਠਿਆਂ ਤੋਂ ਇਲਾਵਾ ਖੁਰਾਕ ਵਿਚ ਅਨਾਜ ਦਾ ਉਪਯੋਗ ਵੀ ਕਈ ਵਾਰ ਵੱਧ ਜਾਂਦਾ ਹੈ, ਪਰ ਜਦੋਂ ਵੀ ਵੰਡ ਵਿੱਚ ਅਨਾਜ 25-30 ਫੀਸਦੀ ਤੋਂ ਵੱਧ ਦਿੱਤਾ ਜਾਂਦਾ ਹੈ ਤਾਂ ਇਸ ਵਿਚਲੇ ਮੈਦੇ ਕਾਰਨ ਰਿਊਮਨ ਦੀ ਪੀ.ਐਚ. ਘੱਟਦੀ ਹੈ ਤੇ ਜੇ ਇਹ 5.0 ਤੋਂ ਥੱਲੇ ਹੋ ਜਾਵੇ ਤਾਂ ਪਸ਼ੂ ਤੇਜ਼ਾਬੀਪਨ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਫੈਟ ਘੱਟ ਜਾਂਦੀ ਹੈ । ਸੋ ਵੰਡ ਵਿਚ ਬਫਰ ਤੇ ਯੀਸਟ ਦਾ ਇਸਤੇਮਾਲ ਵੀ ਜ਼ਰੂਰੀ ਹੈ । ਕੁਝ ਪਦਾਰਥ ਜਿਹੜੇ ਲੈਕਟਿਕ ਐਸਿਡ ਨੂੰ ਘਟਾਉਂਦੇ ਹਨ, ਉਨ੍ਹਾਂ ਦੀ ਵਰਤੋਂ ਵੀ ਹੋਣੀ ਚਾਹੀਦੀ ਹੈ । ਵੰਡ ਨੂੰ ਜੇ ਭਾਫ ਪ੍ਰਣਾਲੀ ਨਾਲ ਤਿਆਰ ਗੋਲੀਆਂ ਦੇ ਰੂਪ ਵਿੱਚ ਵਰਤੀਏ ਤਾਂ ਵੀ ਫੈਟ / ਗਰੈਵਿਟੀ ਵੱਧ ਸਕਦੀ ਹੈ ਕਿਉਂਕਿ ਭਾਫ ਅਨਾਜ ਵਿਚਲੇ ਮੈਦੇ ਦੀ ਪਾਚਣ ਸ਼ਕਤੀ ਵੱਧ ਜਾਂਦੀ ਹੈ ।

# ਓਵਰ ਹੀਟ ਦੀ ਲਪੇਟ 'ਚ ਆਇਆ ਡਰੈਗਨ ਫਰੂਟ



ਪਿਛਲੇ ਪੰਜ ਸਾਲ ਤੋਂ ਪਿੰਡ ਅਦਾਲਤਪੁਰ, ਜ਼ਿਲ੍ਹਾ ਗੁਰਦਾਸਪੁਰ ਵਿਚ ਅਗਾਂਹਵਧੂ ਕਿਸਾਨ ਤੇ ਏ ਐਸ ਆਈ ਤੇਜਿੰਦਰ ਸਿੰਘ ਵਲੋਂ ਅਪਣਾਈ ਅਮਰੀਕਾ ਦੀ ਪ੍ਰਮੁੱਖ ਡਰੈਗਨ ਫਲਾਂ ਦੀ ਖੇਤੀ ਤੇ ਓਵਰ ਹੀਟ ਦੀ ਲਪੇਟ ਵਿਚ ਆਉਣ ਕਾਰਨ ਡਰੈਗਨ ਦੇ ਸੈਂਕੜੇ ਬੂਟੇ ਅੱਤ ਦੀ ਗਰਮੀ ਕਾਰਨ ਪ੍ਰਭਾਵਿਤ ਹੋਣ ਕਰਕੇ ਕਾਸ਼ਤਕਾਰਾਂ ਦੀਆਂ ਆਸਾਂ ਉਮੀਦਾਂ 'ਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ।

ਸਰਹੱਦੀ ਇਲਾਕੇ ਲਈ ਖਿੱਚ ਦਾ ਕੇਂਦਰ ਬਣੀ ਡਰੈਗਨ ਫਰੂਟ ਦੀ ਫਸਲ ਦੇ ਕਾਸ਼ਤਕਾਰ ਤੇ ਵਾਤਾਵਰਣ ਪ੍ਰੇਮੀ ਏ ਐਸ ਆਈ ਤੇਜਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਸਤਨਾਮ ਸਿੰਘ ਠੂਲੇਵਾਲਾ ਬਰਨਾਲਾ ਤੋਂ ਪ੍ਰੇਰਿਤ ਹੋ ਕੇ ਪੰਜ ਸਾਲ ਪਹਿਲਾਂ ਅਮਰੀਕਨ ਡਰੈਗਨ ਫਰੂਟ ਦੀ ਖੇਤੀ ਨੂੰ ਅਪਣਾਇਆ ਹੈ। ਕੁੱਲ 10 ਕਨਾਲ (ਸਵਾ ਕਿਲ੍ਹਾ) ਜ਼ਮੀਨ ਵਿਚ ਖੇਤੀ ਕੀਤੀ ਹੈ। ਖੇਤ ਵਿਚ ਸੀਮਿੰਟ ਦੇ 450 ਨਿੱਕੇ ਨਿੱਕੇ ਪੋਲ ਬਣਾ ਕੇ ਹਰੇਕ ਪੋਲ ਨਾਲ 4 ਡਰੈਗਨ ਬੂਟਿਆਂ ਦੀ ਬਿਜਾਈ ਕੀਤੀ ਸੀ ਜੋ ਇਸ ਵੇਲੇ ਪੂਰੀ ਤਰ੍ਹਾਂ ਪ੍ਰਫੁਲਤ ਹੋ ਚੁੱਕੇ ਹਨ। ਇਥੋਂ ਤੱਕ ਕਿ ਇਕ ਬੂਟੇ ਦੀਆਂ 20-20 ਸ਼ਾਖਾਵਾਂ ਨਿਕਲੀਆਂ ਹੋਈਆਂ ਹਨ। ਉਸ ਨੇ ਦੱਸਿਆ ਕਿ ਪਿਛਲੇ ਦਿਨਾਂ ਤੋਂ ਤਾਪਮਾਨ 47 ਡਿਗਰੀ ਤੱਕ ਪਹੁੰਚ ਜਾਣ ਕਾਰਨ ਓਵਰ ਹੀਟ ਕਰਕੇ ਡਰੈਗਨ ਫਰੂਟ ਦੇ ਬੂਟੇ ਗਰਮੀ ਕਰ ਕੇ ਵੱਡੇ ਪੱਧਰ ਤੇ ਗੱਲ ਸੜ ਗਏ ਹਨ। ਉਸ ਨੇ ਦੱਸਿਆ ਕਿ ਗਰਮੀ ਕਾਰਨ ਨਸ਼ਟ ਹੋਏ ਬੂਟਿਆਂ ਦੀ ਕਟਾਈ ਤੇ ਵੀ ਚੋਖਾ ਖਰਚਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਡਰੈਗਨ ਫਰੂਟ ਦੀਆਂ ਸ਼ਾਖਾਵਾਂ ਤੇ ਤਿੱਖੇ ਕੁੰਡੇ ਹੋਣ ਕੇ ਅਣਜਾਣ ਮਜ਼ਦੂਰ ਇਸ ਦੀ ਕਟਾਈ ਕਰਨ ਤੋਂ ਅਸਮਰੱਥ ਹਨ।

## ਪਿਛਲੇ ਸਾਲ ਕੀਤੀ ਸੀ ਚੰਗੀ ਕਮਾਈ



ਤੇਜਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਮਈ ਦੇ ਅਖੀਰ ਵਿਚ ਫਲ ਅਤੇ ਫੁੱਲ ਲੱਗਣੇ ਸ਼ੁਰੂ ਹੋ ਗਏ ਸਨ ਪਰ ਇਸ ਵਾਰ ਅੱਤ ਦੀ ਗਰਮੀ ਪੈਣ ਕਾਰਨ ਜਿੱਥੇ ਫੁੱਲ ਫਲ ਅਜੇ ਤੱਕ ਨਹੀਂ ਪਏ ਉੱਥੇ ਗਰਮੀ ਕਰਕੇ ਬੂਟੇ ਨਸ਼ਟ ਹੋਏ ਹਨ। ਪਿਛਲੇ ਸਾਲ ਰੇਟ ਘੱਟ ਹੋਣ ਦੇ ਬਾਵਜੂਦ ਵੀ ਉਸ ਨੇ 2 ਲੱਖ 50 ਹਜ਼ਾਰ ਤੋਂ ਵੱਧ ਡਰੈਗਨ ਫਰੂਟ ਦੀ ਵਿਕਰੀ ਕੀਤੀ ਸੀ। ਇਸ ਵਾਰ ਬੂਟੇ ਵੱਡੇ ਹੋਣ ਕਰਕੇ ਪਿਛਲੇ ਸਾਲ ਨਾਲੋਂ ਦੁਗਣੀ ਅੰਦਰ ਹੋਣ ਦੀਆਂ ਆਸਾਂ ਸਨ ਪ੍ਰੰਤੂ ਓਵਰ ਹੀਟ ਨੇ ਸਾਰੀਆਂ ਆਸਾਂ ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਉਸ ਨੇ ਕਿਹਾ ਕਿ ਡਰੈਗਨ ਫਰੂਟ ਦੀ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ। ਡਰੈਗਨ ਫਲ ਦੇ ਬੂਟੇ ਦੀ ਉਮਰ 30 ਸਾਲ ਦੇ ਕਰੀਬ ਹੈ।

# ਬੈੱਡ ਪਲਾਂਟਰ ਡਰਿੱਲ ਨਾਲ ਝੋਨੇ ਦੀ ਬਿਜਾਈ ਕਿਸਾਨਾਂ ਲਈ ਹੋਵੇਗੀ ਲਾਹੇਵੰਦ ਸਾਬਿਤ : ਕਾਹਨ ਸਿੰਘ ਪੰਨੂ

## ਘੱਟ ਖਰਚ 'ਤੇ ਹੋਵੇਗੀ ਵੱਧ ਆਮਦਨ, 70 ਫੀਸਦੀ ਪਾਣੀ ਦੀ ਹੋਵੇਗੀ ਘੱਟ ਵਰਤੋਂ

ਅੰਤਰਰਾਸ਼ਟਰੀ ਐਵਾਰਡ ਪ੍ਰਾਪਤ ਦੀ ਲਾਂਬੜਾ-ਕਾਂਗੜੀ ਮਲਟੀਪਰਪਜ਼ ਕੋਆਪ੍ਰੇਟਿਵ ਸਰਵਿਸ ਸੋਸਾਇਟੀ ਲਿਮ. ਵੱਲੋਂ ਦਿਨ ਕਿਸਾਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਨਵੇਂ-ਨਵੇਂ ਪ੍ਰਜੈਕਟ ਲਾ ਕੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।



ਇਸੇ ਦੌਰਾਨ ਅੱਜ ਸੋਸਾਇਟੀ ਵੱਲੋਂ ਕਿਸਾਨਾਂ ਲਈ ਝੋਨੇ ਦੀ ਬਿਜਾਈ ਦੀ ਨਵੀਂ ਤਕਨੀਕ ਬੈੱਡ ਪਲਾਂਟਰ ਡਰਿੱਲ ਨਾਲ ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਬੇਹੱਦ ਲਾਹੇਵੰਦ ਹੋਵੇਗੀ। ਜਿਸ ਨਾਲ ਕਿਸਾਨਾਂ ਦਾ ਘੱਟ ਖਰਚ ਹੋਵੇਗਾ ਤੇ ਵੱਧ ਆਮਦਨ ਹੋਵੇਗੀ।

ਵਿਕਸਿਤ ਕੀਤੀ ਗਈ ਇਕ ਤਕਨੀਕ ਦਾ ਪ੍ਰਗਟਾਵਾ ਕਰਦਿਆਂ ਕਾਹਨ ਸਿੰਘ ਪੰਨੂ ਰਿਟਾਇਰਡ ਆਈ. ਏ. ਐਸ ਨੇ ਕਿਹਾ ਕਿ ਬੈੱਡ ਪਲਾਂਟਰ ਡਰਿਲ ਨਾਲ ਝੋਨੇ ਦੀ ਕੀਤੀ ਬਿਜਾਈ ਕਿਸਾਨਾਂ ਲਈ ਬੇਹੱਦ ਲਾਹੇਵੰਦ ਸਾਬਿਤ ਹੋਵੇਗੀ ਤਾਂ ਜੋ ਕਿਸਾਨੀ ਨੂੰ ਲਾਹੇਵੰਦ ਧੰਦਾ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੋਸਾਇਟੀ ਦਾ ਮਕਸਦ ਹੀ ਕਿਸਾਨਾਂ ਅਤੇ ਕਿਸਾਨੀ ਨੂੰ ਪ੍ਰਫੁੱਲਿਤ ਕਰਨਾ ਹੈ।

ਉਸ ਤਕਨੀਕ ਨੂੰ ਅਪਣਾਉਦਿਆਂ ਹੋਇਆ ਦੋ ਏਕੜ ਵਿਚ ਇਸਦੇ ਟਰਾਇਲ ਵਜੋਂ ਪਿੰਡ ਲਾਂਬੜਾ ਵਿਖੇ ਬਿਜਾਈ ਕੀਤੀ ਗਈ। ਇਸ ਦੌਰਾਨ ਸਭਾ ਦੇ ਸਕੱਤਰ ਜਸਵਿੰਦਰ ਸਿੰਘ ਸੈਣੀ ਵੱਲੋਂ ਦੱਸਿਆ ਗਿਆ ਕਿ ਸੋਸਾਇਟੀ ਦੇ ਸਰਪ੍ਰਸਤ ਕਾਹਨ ਸਿੰਘ ਪੰਨੂ ਵੱਲੋਂ ਸੋਸਾਇਟੀ ਵਿਚ ਨਵੇਂ-ਨਵੇਂ ਤਜਰਬੇ ਕਰ ਕੇ ਖੇਤੀ ਨੂੰ ਪ੍ਰਫੁੱਲਿਤ ਕਰਨ ਦੀ ਸਹੂਲਤ ਲਈ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਖੇਤੀ 'ਚ ਘੱਟ ਖਰਚੇ 'ਤੇ ਵੱਧ ਮੁਨਾਫਾ ਹੋ ਸਕੇ। ਜੋ ਕਿ ਸਮੇਂ ਦੀ ਵੱਡੀ ਲੋੜ ਹੈ। ਇਸ ਤਕਨੀਕ ਨਾਲ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਨੂੰ ਬਚਾਇਆ ਜਾ ਸਕਦਾ ਹੈ। ਦੂਜੀ ਕੱਦੂ ਵਾਲੀ ਤਕਨੀਕ ਦੇ ਮੁਕਾਬਲੇ ਵਿਚ ਇਸ ਤਕਨੀਕ ਨਾਲ 70 ਫੀਸਦੀ ਪਾਣੀ ਦੀ ਘੱਟ ਵਰਤੋਂ ਹੁੰਦੀ ਹੈ।

ਇਸ ਵਿਧੀ ਨਾਲ ਕਣਕ ਦੀ ਵਾਢੀ ਉਪਰੰਤ ਖੇਤ ਨੂੰ ਰੌਣੀ ਕਰਨ ਉਪਰੰਤ ਉਸ ਨੂੰ ਚੰਗੀ ਤਰ੍ਹਾਂ ਨਾਲ ਵਹਾਈ ਹੋਣ ਉਪਰੰਤ ਬੈੱਡ ਪਲਾਂਟਰ ਡਰਿੱਲ ਨਾਲ ਬਿਜਾਈ ਕੀਤੀ ਜਾਂਦੀ ਹੈ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਲਈ ਦਵਾਈਆਂ ਦੀ ਸਪਰੇਅ ਦੀ ਵਰਤੋਂ ਕੀਤੀ ਜਾਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਤਕਨੀਕ ਨਾਲ ਟਰਾਇਲ ਵਜੋਂ ਬਿਜਾਈ ਕਰ ਦਿੱਤੀ ਗਈ ਹੈ ਅਤੇ ਇਸਦੇ ਵਧੀਆ ਨਤੀਜੇ ਆਉਣ ਉਪਰੰਤ ਇਸ ਤਕਨੀਕ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਸਮੇਂ ਸਭਾ ਦੇ ਸਕੱਤਰ ਜਸਵਿੰਦਰ ਸਿੰਘ ਸੈਣੀ, ਕਿਸਾਨ ਕੁਲਦੀਪ ਸਿੰਘ, ਸੁਰਿੰਦਰ ਸਿੰਘ, ਜਸਪਾਲ ਸਿੰਘ, ਨਰਿੰਦਰ ਸਿੰਘ ਆਦਿ ਮੌਜੂਦ ਸਨ।

# ਝੰਡਾ ਰੋਗ ਦੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੀ ਟ੍ਰਾਈਕੋਡਰਮਾ ਨਾਲ ਸੋਧ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਬਾਸਮਤੀ ਦੇ ਝੰਡਾ ਰੋਗ ਦੀ ਰੋਕਥਾਮ ਲਈ ਇਕ ਬਾਇਓਕੰਟਰੋਲ ਏਜੰਟ (ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ ਪੀ) ਵਿਕਸਿਤ ਕੀਤਾ ਹੈ ਜਿਸ ਨੂੰ ਸੈਂਟਰਲ ਇਨਸੈਕਟੀਸਾਈਡ ਬੋਰਡ ਅਤੇ ਰਜਿਸਟ੍ਰੇਸ਼ਨ ਕਮੇਟੀ ਫਰੀਦਾਬਾਦ ਨੇ ਦਰਜ ਕਰਵਾ ਲਿਆ ਹੈ ਅਤੇ ਹੁਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ ਪੀ ਨੂੰ ਬਾਸਮਤੀ ਦੇ ਝੰਡਾ ਰੋਗ ਦੀ ਰੋਕਥਾਮ ਕਰਨ ਲਈ 'ਐਗਨੂਰ' ਨਾਮ ਨਾਲ ਆਈ ਪੀ ਐੱਲ, ਗੁਰੂਗ੍ਰਾਮ ਕੰਪਨੀ ਵੱਲੋਂ ਮਾਰਕਿਟ ਵਿਚ ਉਪਲੱਬਧ ਹੈ।

**ਨੁਕਸਾਨ :**

★ ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੁੰਦਾ ਹੈ।

★ ਇਸ ਰੋਗ ਤੇ ਜੀਵਾਣੂੰ ਫਸਲ ਦਾ ਝਾੜ ਘਟਾਉਣ ਤੋਂ ਇਲਾਵਾ ਇਕ ਮਾਈਕੋਟੌਕਸਿਨ (ਜ਼ਹਿਰੀਲਾ ਰਸਾਇਣ) ਵੀ ਪੈਦਾ ਕਰਦੇ ਹਨ ਜੋ ਕਿ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਲਈ ਇਕ ਵੱਡਾ ਖਤਰਾ ਹੈ।

★ ਇਸ ਰੋਗ ਦੀ ਉੱਲੀ ਦੇ ਕਣ ਮੁੱਖ ਤੌਰ ਤੇ ਬੀਜ ਅਤੇ ਮਿੱਟੀ ਰਾਹੀਂ ਫੈਲਦੇ ਹਨ ਜਿਹੜੇ ਕਿ ਪਨੀਰੀ ਲਾਉਣ ਵੇਲੇ ਬੀਜ ਦੇ ਪੁੰਗਰਣ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲੱਗਦੇ ਤਣੇ ਦੇ ਹਿੱਸੇ ਰਾਹੀਂ ਸਾਰੇ ਪੌਦੇ ਤੇ ਹਮਲਾ ਕਰ ਦਿੰਦੇ ਹਨ।

★ ਸ਼ੁਰੂ ਵਿਚ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਦੂਜਿਆਂ ਬੂਟਿਆਂ ਨਾਲੋਂ ਜ਼ਿਆਦਾ ਉੱਚੇ ਲੰਬੇ ਹੋ ਜਾਂਦੇ ਹਨ।

★ ਬਾਅਦ ਵਿਚ ਇਹ ਬੂਟੇ ਥੱਲੇ ਤੋਂ ਉੱਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ।

★ ਬੀਮਾਰੀ ਵਾਲੇ ਬੂਟੇ ਜ਼ਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ।

★ ਰੋਗੀ ਪੌਦੇ ਦੇ ਤਣੇ ਤੇ ਗੁਲਾਬੀ ਰੰਗ ਦੀ ਉੱਲੀ ਵੀ ਵੇਖੀ ਜਾ ਸਕਦੀ ਹੈ। ਕਈ ਵਾਰੀ ਬਿਮਾਰੀ ਵਾਲੇ ਬੂਟੇ ਪਨੀਰੀ ਵਿਚ ਹੀ ਛੋਟੇ ਰਹਿ ਜਾਂਦੇ ਹਨ ਅਤੇ ਬਾਅਦ ਵਿਚ ਸੁੱਕ ਜਾਂਦੇ ਹਨ।

**ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ ਜ਼ਰੂਰੀ ਨੁਕਤੇ :**

★ ਇਹ ਬਿਮਾਰੀ ਬੀਜ ਰਾਹੀਂ ਆਉਂਦੀ ਹੈ। ਇਸ ਲਈ ਹਮੇਸ਼ਾ ਰੋਗ ਰਹਿਤ ਬੀਜ ਦੀ ਵਰਤੋਂ ਕਰੋ।



★ ਅਗੇਤੀ ਬਿਜਾਈ ਵਾਲੀ ਫਸਲ ਤੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਦਾ ਹੈ ਇਸ ਲਈ ਅਗੇਤੀ ਬਿਜਾਈ ਤੋਂ ਗੁਰੇਜ਼ ਕਰੋ।

★ ਰੋਗ ਰਹਿਤ ਪਨੀਰੀ ਤਿਆਰ ਕਰਨ ਲਈ ਪਹਿਲਾਂ ਬੀਜ ਨੂੰ 10 ਲਿਟਰ ਪਾਣੀ ਵਿਚ 12 ਘੰਟੇ ਲਈ ਡੁਬੋ ਲਉ। ਹਲਕਾ ਬੀਜ ਉੱਪਰ ਤਰ ਆਵੇਗਾ ਉਸ ਨੂੰ ਨਿਤਾਰ ਕੇ ਬਾਹਰ ਕੱਢ ਦਿਓ ਅਤੇ 8 ਕਿਲੋ ਭਾਰਾ ਬੀਜ ਚੁਣ ਲਓ।

★ ਬੀਜ ਨੂੰ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਐਸਪੈਰੇਲਮ ਦੇ ਨਾਲ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਸੋਧ ਕੇ ਪਨੀਰੀ ਦੀ ਬਿਜਾਈ ਕਰ ਲਉ।

★ ਪਨੀਰੀ ਖੇਤ ਵਿਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ ਟ੍ਰਾਈਕੋਡਰਮਾ ਐਸਪੈਰੇਲਮ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿਚ 6 ਘੰਟੇ ਲਈ ਡੁਬੋ ਕੇ ਸੋਧਣਾ ਬੜਾ ਲਾਜ਼ਮੀ ਹੈ।

**ਦਲਜੀਤ ਸਿੰਘ ਬੁੱਟਰ ਅਤੇ ਅਮਰਜੀਤ ਸਿੰਘ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98729-25785)**

# ਪੀ.ਏ.ਯੂ. ਵੱਲੋਂ ਬਾਗਬਾਨੀ ਸੁਪਰਵਾਈਜ਼ਰ ਟ੍ਰੇਨਿੰਗ ਕੋਰਸ ਲਈ ਅਰਜ਼ੀਆਂ ਦੀ ਮੰਗ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਨਾਲ ਸੰਬੰਧਿਤ ਨੌਜਵਾਨਾਂ ਦੇ ਬਾਗਬਾਨੀ ਦੇ ਕਿੱਤੇ ਵਿੱਚ ਹੁਨਰ ਵਿਕਾਸ ਲਈ ਇੱਕ ਸਾਲਾ 'ਬਾਗਬਾਨੀ ਸੁਪਰਵਾਈਜ਼ਰ ਟ੍ਰੇਨਿੰਗ ਕੋਰਸ' ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕੋਰਸ ਵਿੱਚ ਬਾਰ੍ਹਵੀਂ ਜਮਾਤ ਪਾਸ, 16-35 ਸਾਲ ਦੀ ਉਮਰ ਦੇ ਨੌਜਵਾਨ ਅਪਲਾਈ ਕਰ ਸਕਦੇ ਹਨ। ਇਸ ਕੋਰਸ ਵਿੱਚ ਦਾਖਲਾ ਲੈਣ ਲਈ ਅਪਲਾਈ ਕਰਨ ਦੀ ਆਖਰੀ ਮਿਤੀ 5 ਜੁਲਾਈ, 2024 ਹੈ ਅਤੇ ਇੰਟਰਵਿਊ ਮਿਤੀ 16 ਜੁਲਾਈ, 2024 ਨੂੰ ਰੱਖੀ ਗਈ ਹੈ। ਇਸ ਕੋਰਸ ਵਿੱਚ ਦਾਖਲੇ ਲਈ ਫਾਰਮ ਲੈਣ ਅਤੇ ਜਮ੍ਹਾਂ ਕਰਵਾਉਣ ਸੰਬੰਧੀ ਚਾਹਵਾਨ ਨੌਜਵਾਨ, ਮੁਖੀ, ਫਲ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਸੰਪਰਕ ਕਰਨ। ਇਹ ਫਾਰਮ ਯੂਨੀਵਰਸਿਟੀ ਦੀ ਵੈਬਸਾਈਟ www.pau.edu ਤੋਂ ਵੀ ਡਾਊਨਲੋਡ ਕਰਕੇ ਉਪਰੋਕਤ ਪਤੇ 'ਤੇ ਭੇਜੇ ਜਾ ਸਕਦੇ ਹਨ। ਸਾਰੇ ਉਮੀਦਵਾਰ ਆਪਣੇ ਅਸਲੀ ਸਰਟੀਫਿਕੇਟਾਂ ਸਮੇਤ 'ਫਲ ਵਿਗਿਆਨ, ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ' ਵਿਖੇ ਉਪਰੋਕਤ ਮਿਤੀ (16 ਜੁਲਾਈ, 2024) ਨੂੰ ਸਵੇਰੇ 9.00 ਵਜੇ ਪਹੁੰਚਣ। ਵਧੇਰੇ ਜਾਣਕਾਰੀ ਲਈ ਫੋਨ ਨੰ. 81460-88233 'ਤੇ ਸੰਪਰਕ ਕਰੋ।

RNI/42269/83


ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਖੇਤੀਬਾੜੀ ਦੀਆਂ ਨਵੀਨਤਮ ਤਕਨੀਕਾਂ ਅਪਣਾਉਣ ਵਾਲਾ ਅਗਾਂਹਵਧੂ ਕਿਸਾਨ ਬਲਬੀਰ ਸਿੰਘ

ਬਲਬੀਰ ਸਿੰਘ ਪੁਤਰ ਸ. ਦਲੀਪ ਸਿੰਘ ਪਿੰਡ ਊਧੋਵਾਲ, ਬਲਾਕ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਸਨੀਕ ਹੈ। ਇਸ ਕਿਸਾਨ ਨੇ ਦਸਵੀਂ ਤੱਕ ਪੜ੍ਹਾਈ ਕੀਤੀ ਹੋਈ ਹੈ। ਉਹਨਾਂ ਦੀ ਉਮਰ 65 ਸਾਲ ਹੈ। ਇਹ ਕਿਸਾਨ 25 ਏਕੜ ਦੀ ਖੇਤੀ ਕਰਦਾ ਹੈ। ਇਸ ਕਿਸਾਨ ਨੇ ਰੋਟਾਵੇਟਰ, ਸੀਡ ਡਰਿੱਲ ਅਤੇ ਸਾਈਲੇਜ ਤਿਆਰ ਕਰਨ ਵਾਲੀਆਂ ਮਸ਼ੀਨਾਂ ਖੇਤੀਬਾੜੀ ਵਿਭਾਗ ਤੋਂ ਸਬਸਿਡੀ ਤੇ ਲਈਆਂ ਹਨ। ਇਹ ਕਿਸਾਨ ਝੋਨਾ, ਮੱਕੀ, ਕਣਕ, ਲੁਸਣ ਘਾਹ ਅਤੇ ਮੱਖਣ ਘਾਹ ਆਦਿ ਫਸਲਾਂ ਬੀਜਦਾ ਹੈ। ਇਹ ਕਿਸਾਨ ਖੇਤੀਬਾੜੀ ਵਿਭਾਗ ਵਲੋਂ ਲਗਾਏ ਗਏ ਕਿਸਾਨ ਮੇਲਿਆਂ, ਟਰੇਨਿੰਗਾਂ ਅਤੇ ਐਕਸਪੋਜਰ ਵਿਜਟ ਵਿਚ ਜਰੂਰ ਭਾਗ ਲੈਂਦਾ ਹੈ।



ਕਿਸਾਨ ਬਲਬੀਰ ਸਿੰਘ

ਸੀਡਰ ਨਾਲ ਬੀਜੀ ਕਣਕ ਦਾ ਫਸਲ ਕਟਾਈ ਤਜਰਬਾ ਕੀਤਾ ਗਿਆ। ਜਿਸ ਦਾ ਝਾੜ 21.5 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪ੍ਰਾਪਤ ਹੋਇਆ ਹੈ।

ਕਿਸਾਨ ਵਲੋਂ ਸਾਉਣੀ 2023 ਦੌਰਾਨ ਝੋਨੇ ਦੇ 18 ਏਕੜ ਦੀ ਬਿਜਾਈ ਆਪਣੇ ਪਿੰਡ ਵਿਚ ਬਣਾਈ ਗਈ ਕੋਆਪਰੇਟਿਵ ਮਿਲਕ ਸੁਸਾਇਟੀ ਵਿਚ 41 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਵੇਚਦਾ ਹੈ ਅਤੇ ਬਹੁਤ ਹੀ ਵਧੀਆ ਮੁਨਾਫਾ ਕਮਾ ਰਿਹਾ ਹੈ। ਇਸ ਕਿਸਾਨ ਨੂੰ ਮਿਲਕਫੈਡ ਜਲੰਧਰ ਵਲੋਂ ਡੇਅਰੀ ਖੇਤਰ ਵਿਚ ਵਧੀਆ ਕੰਮ ਕਰਨ ਲਈ ਵੀ ਸਨਮਾਨਿਤ ਕੀਤਾ ਗਿਆ ਹੈ। ਇਹ ਕਿਸਾਨ ਪਸ਼ੂਆਂ ਦੇ ਵਧੀਆ ਰੱਖ-ਰਖਾਵ ਦੇ ਨਾਲ-ਨਾਲ ਉਹਨਾਂ ਦੇ ਚਾਰੇ ਦਾ ਵੀ ਧਿਆਨ ਰੱਖਦਾ ਹੈ। ਉਹ ਆਪਣੇ ਡੇਅਰੀ ਫਾਰਮ ਤੇ ਪਸ਼ੂਆਂ ਵਾਸਤੇ ਪੌਸ਼ਟਿਕ ਸਾਈਲੇਜ ਵੀ ਤਿਆਰ ਕਰਦਾ ਹੈ, ਤਾਂ ਜੋ ਪਸ਼ੂਆਂ ਨੂੰ ਕਿਸੇ ਕਿਸਮ ਦੀ ਕਮੀ ਨਾ ਆਵੇ।

ਇਹ ਕਿਸਾਨ ਆਪਣੇ ਪਿੰਡ ਦੀ ਕੋਆਪਰੇਟਿਵ ਸੋਸਾਇਟੀ ਦਾ ਮੈਂਬਰ ਹੈ।





ਮਾਨਯੋਗ ਸ. ਨਵਜੋਤ ਪਾਲ ਸਿੰਘ ਰੰਧਾਵਾ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ. ਬਲਬੀਰ ਸਿੰਘ ਊਧੋਵਾਲ ਦੇ ਖੇਤਾਂ ਵਿਚ ਸਰਫੇਸ ਸੀਡਰ ਮਸ਼ੀਨ ਨਾਲ ਬੀਜੀ ਕਣਕ ਦੀ ਫਸਲ ਦਾ ਨਿਰੀਖਣ ਕਰਦੇ ਹੋਏ।

ਇਸ ਕਿਸਾਨ ਨੇ 15 ਏਕੜ ਦੀ ਬਿਜਾਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਦਿੱਤੀ ਨਵੀਂ ਤਕਨੀਕ ਸਰਫੇਸ ਸੀਡਰ ਮਸ਼ੀਨ ਨਾਲ ਕੀਤੀ ਹੈ। ਇਸ ਮਸ਼ੀਨ ਤੇ ਖੇਤੀਬਾੜੀ ਵਿਭਾਗ ਵਲੋਂ ਸਬਸਿਡੀ ਦਿੱਤੀ ਗਈ ਹੈ। ਸਰਫੇਸ ਸੀਡਰ ਨਾਲ ਬੀਜੀ ਕਣਕ ਦੀ ਫਸਲ ਦਾ ਜੰਮ ਬਹੁਤ ਵਧੀਆ ਹੋਇਆ ਹੈ ਅਤੇ ਬਹੁਤ ਵਧੀਆ ਝਾੜ ਪ੍ਰਾਪਤ ਕੀਤਾ ਹੈ। ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵਲੋਂ ਸਮੇਂ-ਸਮੇਂ ਤੇ ਇਸ ਵਿਧੀ ਨਾਲ ਬੀਜੀ ਕਣਕ ਦਾ ਨਿਰੀਖਣ ਕੀਤਾ ਗਿਆ ਅਤੇ ਨਵੀਂ ਤਕਨੀਕ ਹੋਣ ਕਾਰਨ ਪੰਜਾਬ ਸਰਕਾਰ ਵਲੋਂ ਇਸ ਤਕਨੀਕ ਨੂੰ ਉਤਸ਼ਾਹਿਤ ਕੀਤਾ ਗਿਆ। ਜਿਸ ਦੀ ਲੜੀ ਵਜੋਂ ਖੇਤੀਬਾੜੀ ਵਿਭਾਗ ਵਲੋਂ ਇਸ ਕਿਸਾਨ ਦੇ ਖੇਤਾਂ ਵਿਚ ਮਾਨਯੋਗ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਜੀ ਦੀ ਹਾਜ਼ਰੀ ਵਿਚ ਸਰਫੇਸ ਸੁੱਕਾ ਕੱਦੂ ਕਰਕੇ ਕੀਤੀ ਗਈ, ਜਿਸਦਾ ਝਾੜ ਲਗਭਗ 27 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪ੍ਰਾਪਤ ਕੀਤਾ ਅਤੇ ਇਸ ਕਿਸਾਨ ਵਲੋਂ ਦੱਸਿਆ ਗਿਆ ਕਿ ਇਸ ਤਕਨੀਕ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ।

ਇਹ ਕਿਸਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਦਿੱਤੀਆਂ ਨਵੀਆਂ ਤਕਨੀਕਾਂ ਨੂੰ ਅਪਨਾਉਣ ਵਿਚ ਹਮੇਸ਼ਾਂ ਪਹਿਲ ਕਦਮੀ ਕਰਨ ਦੇ ਨਾਲ-ਨਾਲ ਖੇਤੀਬਾੜੀ ਸਹਾਇਕ ਧੰਦਿਆਂ ਨੂੰ ਵੀ ਅਪਨਾਉਂਦਾ ਹੈ। ਇਹ ਕਿਸਾਨ ਡੇਅਰੀ ਦੇ ਕਿੱਤੇ ਨਾਲ ਵੀ ਜੁੜਿਆ ਹੋਇਆ ਹੈ ਅਤੇ ਇਸ ਨੇ ਆਪਣੇ ਫਾਰਮ ਤੇ 48 ਗਾਵਾਂ ਰੱਖੀਆਂ ਹੋਈਆਂ ਹਨ। ਇਸ ਡੇਅਰੀ ਫਾਰਮ ਤੋਂ ਲਗਭਗ 650 ਲੀਟਰ ਪ੍ਰਤੀ ਦਿਨ ਦੁੱਧ ਦੀ ਪੈਦਾਵਾਰ ਹੁੰਦੀ ਹੈ, ਉਹ ਇਸ ਦੁੱਧ ਨੂੰ ਉਸਦੇ ਇਸ ਕਿਸਾਨ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵਲੋਂ ਬਲਾਕ ਪੱਧਰੀ ਕਿਸਾਨ ਮੇਲੇ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਕਰਕੇ ਸਨਮਾਨਿਤ ਵੀ ਕੀਤਾ ਗਿਆ ਹੈ। ਇਸ ਕਿਸਾਨ ਨੇ ਪਿਛਲੇ ਲੰਬੇ ਸਮੇਂ ਤੋਂ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਕਿਸਾਨ ਦੁਆਰਾ ਹੋਰ ਕਿਸਾਨਾਂ ਨੂੰ ਵੀ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪ੍ਰੇਰਿਤ ਕੀਤਾ ਜਾ ਰਿਹਾ ਹੈ।

**ਕਮਲਦੀਪ ਸਿੰਘ ਸੰਘਾ (ਪ੍ਰੋਜੈਕਟ ਡਾਇਰੈਕਟਰ, ਆਤਮਾ), ਪਰਮਵੀਰ ਕੌਰ ਅਤੇ ਨੀਨਾ ਕੰਵਰ (ਡਿਪਟੀ ਪ੍ਰੋਜੈਕਟ ਡਾਇਰੈਕਟਰ, ਆਤਮਾ), ਸਰਬਜੀਤ ਸਿੰਘ (ਐਗਰੀਕਲਚਰ ਸਬ ਇੰਸਪੈਕਟਰ, ਨਵਾਂ ਸ਼ਹਿਰ), ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਸ਼ਹੀਦ ਭਗਤ ਸਿੰਘ ਨਗਰ।**



ਮਿਲਕਫੈਡ ਜਲੰਧਰ ਵਲੋਂ ਬਲਬੀਰ ਸਿੰਘ ਊਧੋਵਾਲ ਦੇ ਡੇਅਰੀ ਫਾਰਮ ਦਾ ਦੌਰਾ ਕੀਤਾ ਗਿਆ।




ਬਲਬੀਰ ਸਿੰਘ ਊਧੋਵਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਤੋਂ ਸਨਮਾਨ ਪੱਤਰ ਪ੍ਰਾਪਤ ਕਰਦੇ ਹੋਏ।